
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 295 13/02/2025 www.samajweekly.com samajweekly @samajweekly samajweekly

# ਮੁਫਤ ਸਹੂਲਤਾਂ ਕਾਰਨ ਲੋਕ ਕੰਮ ਕਰਨ ਲਈ ਤਿਆਰ ਨਹੀਂ ਹਨ: ਸੁਪਰੀਮ ਕੋਰਟ



**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਚੋਣਾਂ ਤੋਂ ਪਹਿਲਾਂ ਮੁਫਤ ਚੀਜ਼ਾਂ ਤੇ ਸਹੂਲਤਾਂ ਦਾ ਐਲਾਨ ਕਰਨ ਦੀ ਪ੍ਰਥਾ ਨੂੰ ਨਕਾਰਦਿਆਂ ਕਿਹਾ ਕਿ ਇਸ ਕਾਰਨ ਲੋਕ ਕੰਮ ਕਰਨ ਲਈ ਤਿਆਰ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਮੁਫ਼ਤ ਰਾਸ਼ਨ ਅਤੇ ਪੈਸਾ ਮਿਲ ਰਿਹਾ ਹੈ। ਇਹ ਟਿੱਪਣੀਆਂ ਜਸਟਿਸ ਬੀਆਰ ਗਵਈ ਅਤੇ ਆਗਸਟੀਨ ਜਾਰਜ ਮਸੀਹ ਦੇ ਬੈਂਚ ਤੋਂ ਆਈਆਂ ਹਨ, ਜੋ ਸ਼ਹਿਰੀ ਖੇਤਰਾਂ ਵਿੱਚ ਬੇਘਰ ਵਿਅਕਤੀਆਂ ਦੇ ਪਨਾਹ ਦੇ ਅਧਿਕਾਰ ਨਾਲ ਸਬੰਧਤ ਇੱਕ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ। ਜਸਟਿਸ ਗਵਈ ਨੇ ਕਿਹਾ, "ਬਦਕਿਸਮਤੀ ਨਾਲ ਇਨ੍ਹਾਂ ਮੁਫਤ ਸਹੂਲਤਾਂ ਕਾਰਨ ਲੋਕ ਕੰਮ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਨੂੰ ਮੁਫ਼ਤ ਰਾਸ਼ਨ ਮਿਲ ਰਿਹਾ ਹੈ। ਉਨ੍ਹਾਂ ਨੂੰ ਬਿਨਾਂ ਕੋਈ ਕੰਮ ਕੀਤੇ ਰਕਮ ਮਿਲ ਰਹੀ ਹੈ।'' ਬੈਂਚ ਨੇ ਕਿਹਾ, "ਅਸੀਂ ਉਨ੍ਹਾਂ ਲਈ ਤੁਹਾਡੀ ਚਿੰਤਾ ਦੀ ਕਾਫੀ ਸ਼ਲਾਘਾ ਕਰਦੇ ਹਾਂ ਪਰ ਕੀ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਦਾ ਹਿੱਸਾ ਬਣਾਉਣਾ ਅਤੇ ਉਨ੍ਹਾਂ ਨੂੰ ਦੇਸ਼ ਦੇ ਵਿਕਾਸ 'ਚ ਯੋਗਦਾਨ ਪਾਉਣ ਦੀ ਇਜਾਜ਼ਤ ਦੇਣਾ ਬਿਹਤਰ ਨਹੀਂ ਹੋਵੇਗਾ।'' ਅਟਾਰਨੀ ਜਨਰਲ ਆਰ ਵੈਂਕਟਾਰਮਨੀ ਨੇ ਬੈਂਚ ਨੂੰ ਦੱਸਿਆ ਕਿ ਕੇਂਦਰ ਸਰਕਾਰ ਸ਼ਹਿਰੀ ਗਰੀਬੀ ਹਟਾਓ ਮਿਸ਼ਨ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਵਿੱਚ ਹੈ, ਜੋ ਸ਼ਹਿਰੀ ਬੇਘਰਿਆਂ ਲਈ ਆਸਰੇ ਦੀ ਵਿਵਸਥਾ ਸਮੇਤ ਵੱਖ-ਵੱਖ ਮੁੱਦਿਆਂ ਨੂੰ ਹੱਲ ਕਰੇਗਾ। ਬੈਂਚ ਨੇ ਅਟਾਰਨੀ ਜਨਰਲ ਨੂੰ ਕੇਂਦਰ ਤੋਂ ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿਹਾ ਕਿ ਸ਼ਹਿਰੀ ਗਰੀਬੀ ਹਟਾਓ ਮਿਸ਼ਨ ਨੂੰ ਕਿੰਨੇ ਸਮੇਂ ਦੇ ਅੰਦਰ ਲਾਗੂ ਕੀਤਾ ਜਾਵੇਗਾ। ਸਿਖਰਲੀ ਅਦਾਲਤ ਨੇ ਮਾਮਲੇ ਦੀ ਸੁਣਵਾਈ ਛੇ ਹਫ਼ਤਿਆਂ ਬਾਅਦ ਲਈ ਰੱਖੀ ਹੈ।

# 1984 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਦੋਸ਼ੀ ਕਰਾਰ



**ਨਵੀਂ ਦਿੱਲੀ।** ਦਿੱਲੀ ਦੀ ਇੱਕ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਬੰਧੀ ਹੱਤਿਆ ਦੇ ਇੱਕ ਮਾਮਲੇ 'ਚ ਅੱਜ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਸਬੰਧੀ ਫੈਸਲਾ ਮੁਲਤਵੀ ਕਰ ਦਿੱਤਾ ਸੀ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਦੋਸ਼ੀ ਠਹਿਰਾਉਣ ਦਾ ਹੁਕਮ ਦਿੱਤਾ ਅਤੇ ਸਜ਼ਾ 'ਤੇ ਬਹਿਸ 18 ਫਰਵਰੀ ਨੂੰ ਪਾ ਦਿੱਤੀ। ਕੁਮਾਰ ਨੂੰ ਫ਼ੈਸਲਾ ਸੁਣਾਉਣ ਲਈ ਤਿਹਾੜ ਜੇਲ੍ਹ ਤੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ 1984 ਦੇ ਸਿੱਖ ਕਤਲੇਆਮ ਦੌਰਾਨ ਇੱਥੇ ਸਰਸਵਤੀ ਵਿਹਾਰ 'ਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਸਬੰਧਤ ਹੈ। ਦਿੱਲੀ ਦੰਗਿਆਂ ਦੌਰਾਨ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ 'ਚ ਆਖ਼ਰੀ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ । ਹਾਲਾਂਕਿ ਸ਼ੁਰੂਆਤ 'ਚ ਕੇਸ ਪੰਜਾਬੀ ਬਾਗ਼ ਪੁਲੀਸ ਸਟੇਸ਼ਨ ਨੇ ਦਰਜ ਕੀਤਾ ਸੀ ਪਰ ਬਾਅਦ ਵਿਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਸੀ। ਅਦਾਲਤ ਨੇ 16 ਦਸੰਬਰ, 2021 ਨੂੰ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ।

# ਕੇਂਦਰ ਨਾਲ ਹੋਣ ਵਾਲੀ ਮੀਟਿੰਗ 'ਚ ਸ਼ਾਮਲ ਹੋਣਗੇ ਡੱਲੇਵਾਲ: ਕਿਸਾਨ ਮਹਾਂਪੰਚਾਇਤ ਦੌਰਾਨ ਕੀਤਾ ਐਲਾਨ



**ਪਟਿਆਲਾ ਪਾਤੜਾਂ।** ਕਿਸਾਨੀ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਅਤੇ ਕਿਸਾਨ ਅੰਦੋਲਨ-2 ਦੇ ਬੈਨਰ ਹੇਠਾਂ ਅੰਤਰਰਾਜੀ ਬਾਰਡਰਾਂ 'ਤੇ ਜਾਰੀ ਕਿਸਾਨ ਮੋਰਚਿਆਂ ਨੂੰ ਸਾਲ ਪੂਰਾ ਹੋਣ 'ਤੇ ਅੱਜ ਢਾਬੀ ਗੁਜਰਾਂ ਬਾਰਡਰ 'ਤੇ ਵਿਸ਼ਾਲ ਮਹਾਂਪੰਚਾਇਤ ਕੀਤੀ ਗਈ। ਇਸ ਵਿਚ ਪੰਜਾਬ ਅਤੇ ਹਰਿਆਣਾ ਸਮੇਤ ਕਈ ਹੋਰ ਰਾਜਾਂ ਤੋ ਆਏ ਕਿਸਾਨਾਂ ਨੇ ਵੀ ਸ਼ਿਰਕਤ ਕੀਤੀ। ਮਹਾਂਪੰਚਾਇਤ ਨੂੰ ਸੰਬੋਧਨ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ 79 ਦਿਨਾਂ ਤੋਂ ਮਰਨ ਵਰਤ 'ਤੇ ਚੱਲ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਅਹਿਮ ਐਲਾਨ ਕਰਦਿਆਂ ਕਿਹਾ ਕਿ ਉਹ 14 ਫਰਵਰੀ ਨੂੰ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਸੱਦੀ ਗਈ ਮੀਟਿੰਗ ਵਿਚ ਸ਼ਾਮਲ ਹੋਣਗੇ। ਉਨ੍ਹਾਂ ਇਸ ਮੌਕੇ ਇਹ ਵੀ ਕਿਹਾ ਕਿ ਉਹ ਕਿਸਾਨ ਏਕਤਾ ਦੇ ਮੁਦਈ ਹਨ, ਪਰ ਨਾਲ ਹੀ ਚਾਹੁੰਦੇ ਹਨ ਕਿ ਇਸ ਮੌਜੂਦਾ ਜਾਰੀ ਸੰਘਰਸ਼ ਨੂੰ ਮਜ਼ਬੂਤੀ ਨਾਲ ਲੜ ਕੇ ਜਿੱਤਿਆ ਜਾਵੇ ਤਾਂ ਕਿ ਇਸ ਰਾਹੀਂ ਕਿਸਾਨ ਧਿਰਾਂ ਦੀ ਏਕਤਾ ਹੋਰ ਵੀ ਮਜ਼ਬੂਤ ਹੋ ਸਕੇ। ਇਸ ਤੋਂ ਪਹਿਲਾਂ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਟਰਾਲੀਨੁਮਾ ਕਮਰੇ ਵਿਚੋਂ ਹੀ ਮਹਾਂਪੰਚਾਇਤ ਦੇ ਇਕੱਠ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦੇਸ਼ ਦੀ ਮਜਬੂਤੀ ਲਈ ਖੇਤੀ ਸੈਕਟਰ ਨੂੰ ਮਜ਼ਬੂਤ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਨੇ ਐਮਐਸਪੀ ਗਰੰਟੀ ਕਾਨੂੰਨ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਵਿਚਲਾ ਫਾਰਮੂਲਾ ਲਾਗੂ ਕਰਨ ਸਮੇਤ ਹੋਰ ਕਿਸਾਨੀ ਮੰਗਾਂ ਦੀ ਪੂਰਤੀ 'ਤੇ ਵੀ ਜ਼ੋਰ ਦਿਤਾ। ਢਾਬੀ ਗੁਜਰਾਂ ਬਾਰਡਰ 'ਤੇ ਕਿਸਾਨ ਮਹਾਂਪੰਚਾਇਤ ਵਿਚ ਸ਼ਾਮਲ ਵੱਡੀ ਗਿਣਤੀ ਕਿਸਾਨ। ਇਸ ਦੇ ਨਾਲ ਹੀ ਉਨ੍ਹਾਂ ਨੇ ਹਾਲ ਹੀ 'ਚ ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ 104 ਭਾਰਤੀਆਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਇਨ੍ਹਾਂ ਪੀੜਤਾਂ ਦੀ ਬਾਂਹ ਫੜਨ ਦੀ ਮੰਗ ਕੀਤੀ। ਅਜਿਹੇ ਹਾਲਾਤ ਲਈ ਸਰਕਾਰ ਨੂੰ ਜ਼ਿੰਮੇਵਾਰ ਗਰਦਾਨਦਿਆਂ ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ 'ਚ ਖੇਤੀ ਧੰਦਾ ਮੰਦਾ ਹੋਣ ਸਮੇਤ ਰੁਜ਼ਗਾਰ ਦੇ ਹੋਰ ਢੁਕਵੇਂ ਸਾਧਨਾਂ ਦੀ ਤੋਟ ਹੋਣ ਕਾਰਨ ਹੀ ਇਨ੍ਹਾਂ ਨੂੰ ਆਪਣੇ ਤੇ ਪਰਿਵਾਰਾਂ ਦੇ ਸੁਨਹਿਰੇ ਭਵਿੱਖ ਲਈ ਵਿਦੇਸ਼ ਜਾਣਾ ਪਿਆ ਹੈ। ਮਹਾਂਪੰਚਾਇਤ ਦੀ ਸਟੇਜ ਤੋਂ ਸ਼ਹੀਦ ਸ਼ੁਭਕਰਨ ਸਿੰਘ ਬੱਲੋ ਨੂੰ ਸ਼ਰਧਾਂਜਲੀ ਭੇਂਟ ਕੀਤੇ ਗਈ ਤੇ ਸੜਕ ਹਾਦਸੇ ਦੌਰਾਨ ਜ਼ਖ਼ਮੀ ਹੋਣ ਮਗਰੋਂ ਪੀਜੀਆਈ ਵਿਖੇ ਇਲਾਜ ਦੌਰਾਨ ਦਮ ਤੋੜਨ ਵਾਲੇ ਕਿਸਾਨ ਚਰਨਜੀਤ ਸਿੰਘ ਕਾਲਾ ਦੀ ਮੌਤ 'ਤੇ ਵੀ ਦੁੱਖ ਪ੍ਰਗਟ ਕੀਤਾ ਗਿਆ। ਇਸ ਤੋਂ ਇਲਾਵਾ ਕਾਕਾ ਸਿੰਘ ਕੋਟੜਾ ਅਤੇ ਸੁਖਜੀਤ ਸਿੰਘ ਹਰਦੋਝੰਡੇ ਸਮੇਤ ਕਈ ਹੋਰ ਕਿਸਾਨ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਜਿਥੇ ਇਸ ਕਿਸਾਨ ਅੰਦੋਲਨ ਦਾ ਸਾਲ ਭਰ ਦਾ ਲੇਖਾ ਜੋਖਾ ਪੇਸ਼ ਕੀਤਾ, ਉਥੇ ਹੀ ਇਸ ਨੂੰ ਦੇਸ਼ ਭਰ ਦੇ ਲੋਕਾਂ ਦੀ ਸਾਂਝੀ ਲੜਾਈ ਦੱਸਦਿਆਂ ਇਸ ਨੂੰ ਜਿੱਤ ਤੱਕ ਲਿਜਾਣ ਲਈ ਸਾਰੇ ਵਰਗਾਂ ਦੇ ਭਰਵੇਂ ਸਹਿਯੋਗ ਦੀ ਮੰਗ ਵੀ ਕੀਤੀ ਗਈ। ਉਧਰ ਇਸ ਮਹਾਂਪੰਚਾਇਤ ਦੇ ਸ਼ੁਰੂਆਤੀ ਦੌਰ ਦੌਰਾਨ ਹੀ ਦਿਲ ਦਾ ਦੌਰਾ ਪੈਣ ਕਾਰਨ ਸੀਨੀਅਰ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਚੱਕਰ ਖਾ ਕੇ ਡਿੱਗ ਪਏ ਸਨ। ਇਸ ਮਗਰੋਂ ਉਨ੍ਹਾਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ ਹੈ, ਜਿਥੇ ਉਨ੍ਹਾਂ ਦਾ ਇਲਾਜ ਜਾਰੀ ਹੈ। ਇਸੇ ਦੌਰਾਨ ਏਕਤਾ ਦੇ ਮਤੇ 'ਤੇ ਐਸਕੇਐਮ ਦੀ ਤਾਲਮੇਲ ਕਮੇਟੀ ਵੱਲੋਂ ਸੱਦੀ ਗਈ ਮੀਟਿੰਗ 'ਚ ਸ਼ਾਮਲ ਹੋਣ ਕਰਕੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਸਮੇਤ ਕਈ ਹੋਰ ਆਗੂ ਅੱਜ ਦੀ ਇਸ ਮਹਾਂਪੰਚਾਇਤ 'ਚ ਸ਼ਾਮਲ ਨਾ ਹੋ ਸਕੇ।

# .ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ 'ਤੇ ਲਾਮਬੰਦ ਹੋ ਰਹੇ ਅਮਰੀਕਾ ਦੇ ਕਾਰਪੋਰੇਟ, ਟਰੰਪ ਨੂੰ ਢੁਕਵਾਂ ਜਵਾਬ ਦੇਣ ਦੀ ਤਿਆਰੀ



**ਵਾਸ਼ਿੰਗਟਨ।** ਅਮਰੀਕਾ ਦੀਆਂ ਕਈ ਵੱਡੀਆਂ ਕਾਰਪੋਰੇਟ ਕੰਪਨੀਆਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਿਸੇ ਵੀ ਕੀਮਤ 'ਤੇ ਦੇਸ਼ ਨਿਕਾਲਾ ਦੇਣ ਦੀ ਯੋਜਨਾ ਨੂੰ ਰੋਕਣ ਲਈ ਲਾਮਬੰਦ ਹੋ ਰਹੀਆਂ ਹਨ। ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਕੰਪਨੀਆਂ ਦਾ ਸਾਰਾ ਕਾਰੋਬਾਰ ਪ੍ਰਵਾਸੀ ਕਾਮਿਆਂ 'ਤੇ ਨਿਰਭਰ ਹੈ। ਜਿੱਥੇ ਇੱਕ ਪਾਸੇ ਇਹ ਕੰਪਨੀਆਂ ਇਸ ਸਸਤੀ ਕਿਰਤ ਤੋਂ ਬਹੁਤ ਪੈਸਾ ਕਮਾਉਂਦੀਆਂ ਹਨ, ਉੱਥੇ ਦੂਜੇ ਪਾਸੇ ਅਜਿਹੇ ਕਾਮਿਆਂ ਨੂੰ ਕੋਈ ਕਾਨੂੰਨੀ ਸੁਰੱਖਿਆ ਨਹੀਂ ਮਿਲਦੀ ਜਿਸ ਕਾਰਨ ਉਨ੍ਹਾਂ ਦਾ ਆਸਾਨੀ ਨਾਲ ਸ਼ੋਸ਼ਣ ਕੀਤਾ ਜਾ ਸਕਦਾ ਹੈ। ਇਸ ਮੁਹਿੰਮ ਵਿੱਚ ਸ਼ਾਮਲ ਕੁਝ ਉਦਯੋਗਪਤੀ ਟਰੰਪ ਅਤੇ ਉਨ੍ਹਾਂ ਦੇ ਵਿਚਾਰਧਾਰਕ ਸਹਿਯੋਗੀਆਂ ਅਤੇ ਰਿਪਬਲਿਕਨ ਪਾਰਟੀ ਦੇ ਕੁਝ ਸੀਨੀਅਰ ਸੈਨੇਟਰਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਪ੍ਰਵਾਸੀ ਕਾਮਿਆਂ ਨੂੰ ਬਾਹਰ ਕੱਢਣ ਦਾ ਪ੍ਰਭਾਵ ਸਿੱਧੇ ਤੌਰ 'ਤੇ ਅਮਰੀਕੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਏਗਾ। ਮੁਹਿੰਮ ਨਾਲ ਜੁੜੇ ਲਗਭਗ ਦੋ ਦਰਜਨ ਕਾਰੋਬਾਰੀ ਆਗੂਆਂ, ਲਾਬਿਸਟਾਂ ਅਤੇ ਟਰੇਡ ਯੂਨੀਅਨ ਆਗੂਆਂ ਵਿੱਚੋਂ ਬਹੁਤਿਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬਿਜ਼ਨਸ ਇਨਸਾਈਡਰ ਨਾਲ ਗੱਲ ਕਰਦਿਆਂ ਦੱਸਿਆ ਕਿ ਉਹ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਰੋਕਣ ਲਈ ਕਿਵੇਂ ਕੰਮ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਜ਼ਦੂਰਾਂ ਦਾ ਵੱਡੇ ਪੱਧਰ 'ਤੇ ਪਲਾਇਨ ਅਰਥਵਿਵਸਥਾ ਨੂੰ ਢਾਹ ਲਾ ਦੇਵੇਗਾ, ਜਿਸ ਨਾਲ ਕਰਿਆਨੇ ਤੋਂ ਲੈ ਕੇ ਰਿਹਾਇਸ਼ ਤੱਕ ਹਰ ਚੀਜ਼ ਦੀਆਂ ਕੀਮਤਾਂ ਵਧ ਜਾਣਗੀਆਂ। ਇਸ ਨਾਲ ਫੈਕਟਰੀਆਂ ਅਤੇ ਖੇਤੀਬਾੜੀ ਸਭ ਤੋਂ ਵੱਧ ਪ੍ਰਭਾਵਿਤ ਹੋਵੇਗੀ। ਵਾਲਮਾਰਟ ਅਤੇ ਤੰਬਾਕੂ ਕੰਪਨੀ ਰੇਨੋਲਡਸ ਅਮਰੀਕਾ ਵਰਗੀਆਂ ਕੰਪਨੀਆਂ ਲਈ ਨੈਸ਼ਨਲ ਰਿਟੇਲ ਫੈਡਰੇਸ਼ਨ ਨੂੰ ਸਲਾਹ ਸੇਵਾਵਾਂ ਪ੍ਰਦਾਨ ਕਰਨ ਵਾਲੀ ਕੰਪਨੀ, ਫੇਰੋਕਸ ਸਟ੍ਰੈਟਜੀਜ਼ ਦੀ ਸੰਸਥਾਪਕ, ਕ੍ਰਿਸਟੀਨਾ ਐਂਟੋਨੇਲੋ ਨੇ ਕਿਹਾ ਕਿ ਟਰੰਪ ਨੂੰ ਆਪਣੀ ਗਲਤੀ ਦਾ ਅਹਿਸਾਸ ਉਦੋਂ ਹੀ ਹੋਵੇਗਾ ਜਦੋਂ ਉਹ ਵੱਡੀਆਂ ਕੰਪਨੀਆਂ ਤੋਂ ਸੁਣੇਗਾ ਕਿ ਉਨ੍ਹਾਂ ਨੇ ਅਮਰੀਕੀ ਕਿਰਤ ਬਾਜ਼ਾਰ ਨੂੰ ਅਪਾਹਜ ਕਰ ਦਿੱਤਾ ਹੈ।

# ਮੋਗਾ 'ਚ ਦਿਨ ਦਿਹਾੜੇ ਦੋ ਮੋਟਰਸਾਈਕਲ ਸਵਾਰਾਂ ਨੇ ਚਲਾਈਆਂ ਗੋਲੀਆਂ



**ਮੋਗਾ।** ਮੋਗਾ ਜ਼ਿਲ੍ਹਾ ਦੇ ਪਿੰਡ ਡਾਲਾ ਵਿਖੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣਿਆ ਜਦੋਂ ਇੱਕ ਘਰ ਦੇ ਬਾਹਰ ਦੋ ਅਣਪਛਾਤੇ ਵਿਅਕਤੀਆਂ ਜਿੰਨੇ ਮੂੰਹ ਬੰਨੇ ਹੋਏ ਸਨ ਅਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਅਤੇ ਘਰ ਦੇ ਬਾਹਰ ਤਿੰਨ ਤੋਂ ਚਾਰ ਗੋਲੀਆਂ ਚਲਾ ਦਿੱਤੀਆਂ। ਮੌਕੇ 'ਤੇ ਪਹੁੰਚੀ ਪੁਲਿਸ ਜਾਂਚ ਵਿਚ ਜੁਟੀ ਹੋਈ ਹੈ। ਜਾਣਕਾਰੀ ਦਿੰਦੇ ਹੋਏ ਮਕਾਨ ਦੇ ਮਾਲਕ ਬਲੌਰ ਸਿੰਘ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਗੁਰਦੁਆਰਾ ਸਾਹਿਬ ਗਿਆ ਹੋਇਆ ਸੀ, ਪਿੱਛੋਂ ਦੋ ਅਣਪਛਾਤੇ ਮੂੰਹ ਬੰਨ ਕੇ ਆਏ ਮੋਟਰਸਾਈਕਲ ਸਵਾਰਾਂ ਨੇ ਘਰ ਦੇ ਬਾਹਰ ਤਿੰਨ ਤੋਂ ਚਾਰ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਉਹਨਾਂ ਦੇ ਮੋਟਰ ਸਾਈਕਲ 'ਤੇ ਕੋਈ ਨੰਬਰ ਪਲੇਟ ਨਹੀਂ ਲੱਗੀ ਹੋਈ ਸੀ ਸਾਡੀ ਕਿਸੇ ਨਾਲ ਕੋਈ ਵੀ ਦੁਸ਼ਮਣੀ ਨਹੀਂ ਹੈ ਅਤੇ ਨਾ ਹੀ ਕੋਈ ਪੈਸੇ ਦਾ ਲੈਣ ਦੇਣ ਹੈ ਉਥੇ ਹੀ ਉਹਨਾਂ ਨੇ ਕਿਹਾ ਕਿ ਮੈਂ ਅਤੇ ਮੇਰਾ ਬੇਟਾ ਡੇਢ ਸਾਲ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਆਏ ਹਾਂ ਅਤੇ ਸਾਡਾ ਕਿਸੇ ਨਾਲ ਵੀ ਕੋਈ ਝਗੜਾ ਨਹੀਂ ਹੋਇਆ। ਮੌਕੇ 'ਤੇ ਪੁਲਿਸ ਵੱਲੋਂ ਪਹੁੰਚ ਕੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ ਅਤੇ ਜਾਂਚ ਕੀਤੀ ਜਾ ਰਹੀ ਹੈ।

# ਕੇਰਲ ਦੇ ਕੋਟਾਯਮ ਸਰਕਾਰੀ ਮੈਡੀਕਲ ਕਾਲਜ 'ਚ ਸੀਨੀਅਰ ਦੀ ਰੈਗਿੰਗ ਦੇ ਨਾਂ 'ਤੇ ਹੈਵਾਨੀਅਤ, 5 ਗ੍ਰਿਫਤਾਰ




**ਕੇਰਲ।** ਕੇਰਲ ਦੇ ਇੱਕ ਸਰਕਾਰੀ ਨਰਸਿੰਗ ਕਾਲਜ 'ਚ ਰੈਗਿੰਗ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਕੁਝ ਸੀਨੀਅਰ ਵਿਦਿਆਰਥੀਆਂ ਨੇ ਪਹਿਲਾਂ ਜੂਨੀਅਰਾਂ ਦੇ ਕੱਪੜੇ ਉਤਾਰ ਦਿੱਤੇ ਅਤੇ ਫਿਰ ਉਨ੍ਹਾਂ ਦੇ ਗੁਪਤ ਅੰਗਾਂ 'ਤੇ ਡੰਬਲ (ਭਾਰੀ ਵਜ਼ਨ) ਲਟਕ-ਾਏ। ਇੰਨਾ ਹੀ ਨਹੀਂ, ਜਦੋਂ ਉਹ ਇਸ ਤੋਂ ਸੰਤੁਸ਼ਟ ਨਹੀਂ ਹੋਏ ਤਾਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਿੱਖੇ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ। ਜਦੋਂ ਉਹ ਦਰਦ ਨਾਲ ਚੀਕਣ ਲੱਗਾ ਤਾਂ ਉਸਦੇ ਜ਼ਖ਼ਮ 'ਤੇ ਲੋਸ਼ਨ ਲਗਾਇਆ ਗਿਆ। ਫ਼ਿਲਹਾਲ ਪੁਲਿਸ ਨੇ ਇਸ ਮਾਮਲੇ 'ਚ ਨਰਸਿੰਗ ਦੇ ਤੀਜੇ ਸਾਲ ਦੇ ਪੰਜ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਪਹਿਲੇ ਸਾਲ ਦੇ ਤਿੰਨ ਵਿਦਿਆਰਥੀਆਂ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਸੰਸਥਾ 'ਚ ਲਗਭਗ ਤਿੰਨ ਮਹੀਨਿਆਂ ਤੋਂ ਰੈਗਿੰਗ ਚੱਲ ਰਹੀ ਸੀ। ਸ਼ਿਕਾਇਤ ਦੇ ਅਨੁਸਾਰ, ਰੈਗਿੰਗ ਪਿਛਲੇ ਸਾਲ ਨਵੰਬਰ 'ਚ ਸ਼ੁਰੂ ਹੋਈ ਸੀ। ਵਿਦਿਆਰਥੀਆਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਨੰਗੇ ਖੜ੍ਹੇ ਹੋਣ ਲਈ ਮਜ਼ਬੂਰ ਕੀਤਾ ਗਿਆ ਅਤੇ ਭਾਰ ਚੁੱਕਣ ਲਈ ਬਣਾਏ ਗਏ ਡੰਬਲਾਂ ਦੀ ਵਰਤੋਂ ਕਰ ਕੇ ਬੇਰਹਿਮੀ ਨਾਲ ਹਮਲਾ ਕੀਤਾ ਗਿਆ। ਹੋਰ ਦੋਸ਼ਾਂ ਵਿੱਚ ਕੰਪਾਸ ਅਤੇ ਸਮਾਨ ਵਸਤੂਆਂ ਦੀ ਵਰਤੋਂ ਕਰਕੇ ਸੱਟਾਂ ਲਗਾਉਣਾ ਅਤੇ ਜ਼ਖ਼ਮਾਂ 'ਤੇ ਲੋਸ਼ਨ ਲਗਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਆਪਣੇ ਚਿਹਰੇ, ਸਿਰ ਅਤੇ ਮੂੰਹ 'ਤੇ ਕਰੀਮ ਲਗਾਉਣ ਲਈ ਮਜ਼ਬੂਰ ਕੀਤਾ ਗਿਆ। ਸ਼ਿਕਾਇਤ 'ਚ ਇਹ ਵੀ ਕਿਹਾ ਗਿਆ ਹੈ ਕਿ ਸੀਨੀਅਰ ਵਿਦਿਆਰਥੀ ਐਤਵਾਰ ਨੂੰ ਸ਼ਰਾਬ ਖਰੀਦਣ ਲਈ ਜੂਨੀਅਰ ਵਿਦਿਆਰਥੀਆਂ ਤੋਂ ਨਿਯਮਿਤ ਤੌਰ 'ਤੇ ਪੈਸੇ ਵਸੂਲਦੇ ਸਨ ਅਤੇ ਅਕਸਰ ਉਨ੍ਹਾਂ ਦੀ ਕੁੱਟਮਾਰ ਕਰਦੇ ਸਨ। ਪਰੇਸ਼ਾਨੀ ਨੂੰ ਹੋਰ ਬਰਦਾਸ਼ਤ ਨਾ ਕਰ ਸਕਣ ਕਰ ਕੇ, ਤਿੰਨਾਂ ਵਿਦਿਆਰਥਣਾਂ ਨੇ ਅੰਤ 'ਚ ਕੋਟਾਯਮ ਗਾਂਧੀਨਗਰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਨਾਭਾ ਦੇ ਪਿੰਡ ਪਾਲੀਆ ਦੀ ਕੈਨੇਡਾ ਗਈ 22 ਸਾਲਾਂ ਲੜਕੀ ਦੀ ਮੌਤ

**ਨਾਭਾ।** ਨਾਭਾ ਦੇ ਪਿੰਡ ਪਾਲੀਆ ਦੇ ਵਸਨੀਕ ਗੁਰਪ੍ਰੀਤ ਸਿੰਘ ਦੀ 22 ਸਾਲਾ ਧੀ ਨਵਦੀਪ ਕੌਰ ਦੀ ਕੈਨੇਡਾ ਦੇ ਇੱਕ ਹਸਪਤਾਲ ਚ ਬ੍ਰੇਨ ਹੈਮਰੇਜ ਕਰ ਕੇ ਮੌਤ ਹੋ ਗਈ। ਨਵਦੀਪ ਬਰੈਂਪਟਨ ਦੇ ਇੱਕ ਹਸਪਤਾਲ ਵਿੱਚ ਜ਼ੇਰੇ-ਇਲਾਜ ਸੀ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 7 ਸਤੰਬਰ ਨੂੰ ਨਵਦੀਪ ਭਾਰਤ ਵਿਚਲੇ ਰਿਸ਼ਤੇਦਾਰਾਂ ਨਾਲ ਕਾਨਫਰੰਸ ਕਾਲ ਦੌਰਾਨ ਹੀ ਅਚਾਨਕ ਡਿੱਗ ਪਈ ਤੇ ਉਸਦੀ ਰੂਮ-ਮੇਟ ਨੇ ਐਂਬੂਲੈਂਸ ਬੁਲਾਈ। ਡਾਕਟਰਾਂ ਨੇ 11 ਸਤੰਬਰ ਨੂੰ ਪਰਿਵਾਰ ਨੂੰ ਫੋਨ 'ਤੇ ਦੱਸਿਆ ਕਿ ਉਸਦੇ ਦਿਮਾਗ ਵਿੱਚ ਕਲੌਟ ਹੈ ਤੇ ਉਸ ਦਾ ਅਪ੍ਰੇਸ਼ਨ ਕਰਨਾ ਪਵੇਗਾ।ਫਿਰ ਡਾਕਟਰਾਂ ਦੇ ਦੱਸੇ ਮੁਤਾਬਕ ਅਪ੍ਰੇਸ਼ਨ ਠੀਕ ਰਿਹਾ ਤੇ ਖਤਰੇ ਵਾਲੇ ਅਗਲੇ 72 ਘੰਟੇ ਵੀ ਬੀਤ ਗਏ ਪਰ ਨਵਦੀਪ ਨੂੰ ਫਿਰ ਵੀ ਵੈਂਟੀਲੇਟਰ 'ਤੇ ਹੀ ਰੱਖਣ ਦੀ ਲੋੜ ਸੀ। ਫਿਰ 19 ਤਰੀਕ ਨੂੰ ਡਾਕਟਰਾਂ ਨੇ ਨਵਦੀਪ ਦੀ ਵਿਗੜਦੀ ਹਾਲਤ ਬਾਰੇ ਦੱਸਦਿਆਂ ਉਸਨੂੰ ਵੈਂਟੀਲੇਟਰ ਤੋਂ ਉਤਾਰਨ ਦਾ ਫੈਸਲਾ ਪਿਤਾ ਗੁਰਪ੍ਰੀਤ ਸਿੰਘ ਨੂੰ ਦੱਸਿਆ। ਦੋ ਧੀਆਂ ਦੇ ਪਿਤਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਘਰ ਵਿੱਚੋ ਹੋਰ ਕਿਸੇ ਦਾ ਪਾਸਪੋਰਟ ਵੀ ਨਹੀਂ ਬਣਿਆ ਸੀ ਤੇ ਉਹ ਇਥੇ ਬੇਵੱਸ ਫੋਨ 'ਤੇ ਹੀ ਹਾਲਤ ਸੁਣ ਸਕਦੇ ਸਨ। ਉਨ੍ਹਾਂ ਦੱਸਿਆ, "ਪੜ੍ਹਨ ਵਿੱਚ ਹੁਸ਼ਿਆਰ ਮੇਰੀ ਵੱਡੀ ਧੀ ਨਵਦੀਪ ਬਾਰੇ ਅਧਿਆਪਕਾਂ ਨੇ ਇਧਰ ਦਾ ਮਾਹੌਲ ਦੇਖਦੇ ਹੋਏ ਉਸ ਨੂੰ ਬਾਹਰ ਭੇਜਣ ਦੀ ਸਲਾਹ ਦਿੱਤੀ ਤਾਂ ਮੈਂ ਘਟ ਪੜ੍ਹੇ ਲਿਖੇ ਨੇ ਆਪਣੀ ਕੁੱਲ 9 ਵਿਘੇ ਜ਼ਮੀਨ ਵੇਚ ਕੇ ਔਖੇ ਸੌਖੇ ਆਪਣੀ ਧੀ ਦੇ ਦੋ ਸਾਲ ਕੈਨੇਡਾ ਵਿੱਚ ਕਢਵਾਏ। ਹੁਣ ਉਸਦੇ ਕਾਲਜ ਵੱਲੋਂ ਵਰਕ ਪਰਮਿਟ ਦਾ ਕੰਮ ਕਰਵਾਇਆ ਜਾ ਰਿਹਾ ਸੀ ਪਰ ਉਹ ਸਾਡਾ ਸਾਥ ਛੱਡ ਗਈ।" ਉਨ੍ਹਾਂ ਨੇ ਸਰਕਾਰ ਨੂੰ ਮਦਦ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਆਪਣੀ ਧੀ ਦਾ ਅੰਤਿਮ ਸੰਸਕਾਰ ਕਰ ਸਕਣ।



## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅਮਰੂਦ ਬਾਗ ਘੁਟਾਲਾ: ਧੋਖਾਧੜੀ ਨਾਲ 12 ਕਰੋੜ ਰੁਪਏ ਮੁਆਵਜ਼ਾ ਲੈਣ ਵਾਲਾ ਭਗੌੜਾ ਮੁਲਜ਼ਮ ਵਿਜੀਲੈਂਸ ਵੱਲੋਂ ਕਾਬੂ




**ਚੰਡੀਗੜ੍ਹ।** ਪੰਜਾਬ ਵਿਜੀਲੈਂਸ ਬਿਊਰੋ ਨੇ ਸਾਲ 2016-17 ਵਿੱਚ ਪਿੰਡ ਬਾਕਰਪੁਰ ਜਿਲ੍ਹਾ ਐਸ.ਏ.ਐਸ. ਨਗਰ ਵਿੱਚ ਹੋਏ 'ਅਮਰੂਦ ਬਾਗ ਘੁਟਾਲੇ' ਦੇ ਸਹਿ-ਮੁਲਜ਼ਮ ਚੰਡੀਗੜ੍ਹ ਵਾਸੀ ਸੁਖਦੇਵ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਸਰਕਾਰੀ ਮੁਲਾਜ਼ਮਾਂ ਅਤੇ ਹੋਰਨਾਂ ਨਾਲ ਮਿਲੀਭੁਗਤ ਕਰਕੇ ਧੋਖਾਧੜੀ ਰਾਹੀਂ ਆਪਣੇ ਅਤੇ ਆਪਣੀ ਪਤਨੀ ਦੇ ਖਾਤਿਆਂ ਵਿੱਚ ਲਗਭਗ 12 ਕਰੋੜ ਰੁਪਏ ਦਾ ਮੁਆਵਜ਼ਾ ਪ੍ਰਾਪਤ ਕੀਤਾ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸੁਖਦੇਵ ਸਿੰਘ ਨੇ ਧੋਖਾਧੜੀ, ਜਾਅਲਸਾਜ਼ੀ ਅਤੇ ਸਰਕਾਰੀ ਰਿਕਾਰਡ ਨਾਲ ਛੇੜਖਾਨੀ ਕਰਕੇ ਇਸ ਅਪਰਾਧਿਕ ਸਾਜ਼ਿਸ਼ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਨੁਕਸਾਨ ਪਹੁੰਚਿਆ ਅਤੇ ਮੁਲਜ਼ਮਾਂ ਨੇ ਰਿਸ਼ਵਤ ਰਾਹੀਂ ਗੈਰ-ਕਾਨੂੰਨੀ ਵਿੱਤੀ ਲਾਭ ਵੀ ਹਾਸਲ ਕੀਤਾ। ਇਸ ਸਬੰਧੀ ਕੀਤੀ ਵਿਜੀਲੈਂਸ ਬਿਓਰੋ ਵੱਲੋਂ ਜਾਂਚ ਤੋਂ ਪਤਾ ਲੱਗਾ ਕਿ ਐਸ.ਏ.ਐਸ. ਨਗਰ ਵਿੱਚ ਏਅਰੋਟ੍ਰੋਪੋਲਿਸ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ ਸਬੰਧੀ ਪ੍ਰਕਿਰਿਆ ਦੌਰਾਨ ਫਰਜੀ ਅਮਰੂਦਾਂ ਦੇ ਬਾਗ ਹੋਣ ਬਦਲੇ ਗੈਰ-ਕਾਨੂੰਨੀ ਵੱਧ ਮੁਆਵਜ਼ੇ ਦਾ ਦਾਅਵਾ ਕਰਨ ਦੇ ਇਰਾਦੇ ਨਾਲ ਮੁਲਜ਼ਮ ਸੁਖਦੇਵ ਸਿੰਘ ਨੇ ਪਿੰਡ ਬਾਕਰਪੁਰ ਵਿਖੇ 3 ਕਨਾਲ 16 ਮਰਲੇ ਜ਼ਮੀਨ ਖਰੀਦੀ ਸੀ। ਉਪਰੰਤ ਉਸਨੇ ਬਾਕਰਪੁਰ ਦੇ ਵਸਨੀਕ ਮੁੱਖ ਮੁਲਜ਼ਮ ਭੁਪਿੰਦਰ ਸਿੰਘ ਨਾਲ ਮਿਲ ਕੇ ਇਸ ਪਿੰਡ ਦੀ ਅਕਵਾਇਰ ਕੀਤੀ ਜਾਣ ਵਾਲੀ ਜ਼ਮੀਨ 'ਤੇ ਅਮਰੂਦ ਦੇ ਬਾਗ ਪੁਰਾਣੇ ਮੌਜੂਦ ਹੋਣ ਨੂੰ ਸਾਬਤ ਕਰਨ ਦੀ ਸਾਜ਼ਿਸ਼ ਰਚੀ। ਉਸਨੇ ਧੋਖਾਧੜੀ ਨਾਲ ਬੂਟਿਆਂ ਦਾ ਮੁਲਾਂਕਣ ਕਰਨ ਮੌਕੇ ਤਿੰਨ ਸਾਲ ਤੋਂ ਪੁਰਾਣੇ ਹੋਣ ਅਤੇ ਉਹਨਾਂ ਬੂਟਿਆਂ ਨੂੰ ਫ਼ਲ ਦੇਣ ਵਾਲੇ ਰੁੱਖਾਂ ਦੀ ਸ਼੍ਰੇਣੀ ਅਧੀਨ ਮੁਆਵਜ਼ੇ ਲਈ ਯੋਗ ਦਰਸਾਉਣ ਵਾਸਤੇ ਸਬੰਧਤ ਬਾਗਬਾਨੀ ਵਿਕਾਸ ਅਧਿਕਾਰੀ ਨਾਲ ਮਿਲੀਭੁਗਤ ਵੀ ਕੀਤੀ। ਇਸ ਧੋਖਾਧੜੀ ਵਾਲੀ ਯੋਜਨਾ ਬਾਰੇ ਵਿਸਥਾਰ ਵਿੱਚ ਦੱਸਦਿਆਂ ਬੁਲਾਰੇ ਨੇ ਦੱਸਿਆ ਕਿ ਸੁਖਦੇਵ ਸਿੰਘ ਅਤੇ ਭੁਪਿੰਦਰ ਸਿੰਘ ਦਰਮਿਆਨ ਇੱਕ ਸਮਝੌਤਾ ਸੀ ਜਿਸ ਤਹਿਤ ਸੁਖਦੇਵ ਸਿੰਘ ਮੁਲਾਜ਼ਮਾਂ ਨੂੰ ਰਿਸ਼ਵਤ ਦੇਣ ਸਹਿਤ ਸਾਰੇ ਖਰਚੇ ਸਹਿਣ ਕਰੇਗਾ ਜਦੋਂ ਕਿ ਭੁਪਿੰਦਰ ਸਿੰਘ ਰਿਸ਼ਵਤ ਅਤੇ ਆਪਣੇ ਰੁਤਬੇ ਜ਼ਰੀਏ ਭੂਮੀ ਪ੍ਰਾਪਤੀ ਕੁਲੈਕਟਰ (ਐਲ.ਏ.ਸੀ.), ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਤੋਂ ਧੋਖਾਧੜੀ ਨਾਲ ਪ੍ਰਾਪਤ ਮੁਆਵਜ਼ੇ ਦੀ ਰਕਮ ਦਾ ਦੋ-ਤਿਹਾਈ ਹਿੱਸਾ ਆਪਣੇ ਕੋਲ ਰੱਖੇਗਾ। ਉਹਨਾਂ ਅੱਗੇ ਦੱਸਿਆ ਕਿ ਪਿੰਡ ਬਾਕਰਪੁਰ ਦੇ ਅਸਲ ਖਸਰਾ ਗਿਰਦਾਵਰੀ ਮਾਲ ਰਜਿਸਟਰ (2016-2021) ਨੂੰ ਨਸ਼ਟ ਕਰ ਦਿੱਤਾ ਗਿਆ ਤਾਂ ਜੋ ਇਸ ਧੋਖਾਧੜੀ ਦਾ ਪਤਾ ਨਾ ਲਗਾਇਆ ਜਾ ਸਕੇ ਅਤੇ 2019 ਵਿੱਚ ਇੱਕ ਨਵਾਂ ਜਾਅਲੀ ਖਸਰਾ ਗਿਰਦਾਵਰੀ ਰਜਿਸਟਰ ਤਿਆਰ ਕੀਤਾ ਗਿਆ। ਭੁਪਿੰਦਰ ਸਿੰਘ ਮਾਲ ਪਟਵਾਰੀ ਬਚਿੱਤਰ ਸਿੰਘ ਨਾਲ ਮਿਲ ਕੇ ਪੱਕੇ ਅਮਰੂਦਾਂ ਦੇ ਬਾਗ ਮੌਜੂਦ ਹੋਣ ਨੂੰ ਸਹੀ ਦਰਸਾਉਣ ਲਈ ਜ਼ਮੀਨੀ ਰਿਕਾਰਡ ਵਿੱਚ ਹੇਰਾਫੇਰੀ ਕਰਨ ਵਿੱਚ ਕਾਮਯਾਬ ਰਿਹਾ। ਇਸ ਤੋਂ ਬਾਅਦ ਸੁਖਦੇਵ ਸਿੰਘ ਅਤੇ ਉਸਦੀ ਪਤਨੀ ਹਰਬਿੰਦਰ ਕੌਰ ਨੇ ਧੋਖਾਧੜੀ ਨਾਲ ਗਮਾਡਾ ਤੋਂ ਕ੍ਰਮਵਾਰ 2,40,96,442 ਰੁਪਏ ਅਤੇ 9,57,86,642 ਰੁਪਏ ਪ੍ਰਾਪਤ ਕੀਤੇ। ਬੁਲਾਰੇ ਨੇ ਅੱਗੇ ਦੱਸਿਆ ਕਿ ਗੈਰ-ਕਾਨੂੰਨੀ ਢੰਗ ਨਾਲ ਪ੍ਰਾਪਤ ਮੁਆਵਜ਼ੇ ਵਿੱਚੋਂ ਭੁਪਿੰਦਰ ਸਿੰਘ ਦੇ ਹਿੱਸੇ ਨੂੰ ਤਬਦੀਲ ਕਰਨ ਵਾਸਤੇ ਸੁਖਦੇਵ ਸਿੰਘ ਨੇ ਸਾਲ 2022 ਵਿੱਚ ਪਿੰਡ ਚੱਪੜਚਿੜੀ ਜਿਲ੍ਹਾ ਮੋਹਾਲੀ ਵਿਖੇ ਲਗਭਗ 6 ਵਿੱਘੇ ਜ਼ਮੀਨ ਭੁਪਿੰਦਰ ਸਿੰਘ ਨੂੰ ਘੱਟ ਮੁੱਲ 'ਤੇ ਵੇਚ ਦਿੱਤੀ। ਇਸੇ ਤਰ੍ਹਾਂ ਪਿੰਡ ਕੈਲੋਂ, ਮੋਹਾਲੀ ਵਿੱਚ ਉਸਦੀ ਪਤਨੀ ਹਰਬਿੰਦਰ ਕੌਰ ਦੀ ਮਲਕੀਅਤ ਵਾਲੀ 32 ਕਨਾਲ ਜ਼ਮੀਨ ਵੀ ਘੱਟ ਮੁੱਲ 'ਤੇ ਭੁਪਿੰਦਰ ਸਿੰਘ ਨੂੰ ਵੇਚ ਦਿੱਤੀ ਗਈ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਵਾਰ-ਵਾਰ ਸੰਮਨ ਜਾਰੀ ਕਰਨ ਦੇ ਬਾਵਜੂਦ ਸੁਖਦੇਵ ਸਿੰਘ ਕਾਨੂੰਨੀ ਕਾਰਵਾਈਆਂ ਤੋਂ ਬਚ ਰਿਹਾ ਸੀ ਅਤੇ ਜਾਂਚ ਦੌਰਾਨ ਸਹਿਯੋਗ ਨਹੀਂ ਕਰ ਰਿਹਾ ਸੀ। ਹੋਰ ਲਾਭ ਪ੍ਰਾਪਤ ਕਰਨ ਵਾਲੇ ਸਹਿ-ਮੁਲਜ਼ਮਾਂ ਵਾਂਗ ਉਸਨੇ ਧੋਖਾਧੜੀ ਨਾਲ ਪ੍ਰਾਪਤ ਕੀਤੀ ਮੁਆਵਜ਼ਾ ਰਕਮ ਸਵੈ-ਇੱਛਾ ਨਾਲ ਖਜ਼ਾਨੇ ਵਿੱਚ ਜਮ੍ਹਾਂ ਨਹੀਂ ਕਰਵਾਈ ਅਤੇ ਅਦਾਲਤ ਤੋਂ ਅਗਾਊਂ ਜ਼ਮਾਨਤ ਵੀ ਨਹੀਂ ਸੀ ਲਈ। ਉਹਨਾਂ ਅੱਗੇ ਦੱਸਿਆ ਕਿ ਲਾਭ ਪ੍ਰਾਪਤ ਕਰਨ ਵਾਲੇ ਸਹਿ-ਮੁਲਜ਼ਮਾਂ ਵੱਲੋਂ ਹੁਣ ਤੱਕ 86 ਕਰੋੜ ਰੁਪਏ ਜਮ੍ਹਾਂ ਕਰਵਾਏ ਜਾ ਚੁੱਕੇ ਹਨ ਅਤੇ 12 ਕਰੋੜ ਰੁਪਏ ਦੀ ਇਸ ਮੁਲਜਮ ਤੋਂ ਕੀਤੀ ਜਾਣ ਵਾਲੀ ਰਿਕਵਰੀ ਨਾਲ ਵਾਪਸ ਹੋਣ ਵਾਲੀ ਮੁਆਵਜ਼ੇ ਦੀ ਕੁੱਲ ਰਕਮ 100 ਕਰੋੜ ਰੁਪਏ ਹੋ ਜਾਵੇਗੀ। ਇਸ ਕੇਸ ਵਿੱਚ ਹੁਣ ਤੱਕ ਕੁੱਲ 7 ਸਰਕਾਰੀ ਮੁਲਾਜ਼ਮ ਅਤੇ 16 ਆਮ ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

## ਅਰਸ਼ ਡੱਲਾ ਦੇ 2 ਗੁਰਗੇ ਚੜ੍ਹੇ ਪੁਲਿਸ ਅੜਿੱਕੇ, ਪੁਲਿਸ ਨੇ 3 ਮੁਲਜ਼ਮਾਂ ਨੂੰ ਕੀਤਾ ਕਾਬੂ

**ਫਤਹਿਗੜ੍ਹ ਸਾਹਿਬ।** ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੁਲਿਸ ਵੱਲੋਂ ਗੈਂਗਸਟਰ ਅਰਸ਼ ਡੱਲਾ ਗੈਂਗ ਦੇ 2 ਗੁਰਗਿਆ ਨੂੰ ਕਾਬੂ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ 5 ਪਿਸਟਲ .32 ਬੋਰ ਸਮੇਤ 5 ਜਿੰਦਾ ਰੌਂਦ, 1 ਅਕਟਿਵਾ ਅਤੇ 2 ਮੋਬਾਈਲ ਬਰਾਮਦ ਕੀਤੇ ਹਨ। ਇਸ ਦਾ ਖੁਲਾਸਾ ਫ਼ਤਹਿਗੜ੍ਹ ਸਾਹਿਬ ਦੀ ਐਸਐਸਪੀ ਡਾ ਰਵਜੋਤ ਕੌਰ ਗਰੇਵਾਲ ਨੇ ਕੀਤਾ ਹੈ। ਉਨ੍ਹਾਂ ਕਿਹਾ ਇਹਨਾਂ ਅਰੋਪੀਆਂ ਦਾ ਕੁਨੈਕਸ਼ਨ ਜੇਲ੍ਹ ਵਿੱਚ ਵੀ ਹੈ, ਪੁਲਿਸ ਵਲੋਂ ਅਗਲੀ ਪੜਤਾਲ ਜਾਰੀ ਹੈ ਜਿਸ ਵਿੱਚ ਕਈ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ। ਡਾ. ਰਵਜੋਤ ਗਰੇਵਾਲ ਇਫਸ਼, ਐਸਐਸਪੀ ਫਤਿਹਗੜ੍ਹ ਸਾਹਿਬ ਜੀ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਧਘਫ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਗੈਂਗਸਟਰਾਂ ਅਤੇ ਮਾੜੇ ਅੰਸਰਾਂ ਦੇ ਖਿਲਾਫ ਵਿਦੀ ਮੁਹਿੰਮ ਦੇ ਤਹਿਤ ਰਾਕੇਸ਼ ਯਾਦਵ ਐਸਪੀ, ਪੁਲਿਸ



ਇਨਵੈਸਟੀਗੇਸ਼ਨ ਫਤਹਿਗੜ੍ਹ ਸਾਹਿਬ ਅਤੇ ਨਿਖਿਲ ਗਰਗ ਡੀਐਸਪੀ ਇੰਨਵੈਸਟੀਗੇਸ਼ਨ ਫਤਹਿਗੜ੍ਹ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਅਮਰਬੀਰ ਸਿੰਘ ਇੰਚਾਰਜ ਛੀਅ ਸਰਹਿੰਦ ਦੀ ਨਿਗਰਾਨੀ ਹੇਠ ਛੀਅ ਸਰਹਿੰਦ ਦੀ ਪੁਲਿਸ ਟੀਮ ਨੇ ਅੰਮ੍ਰਿਤਸਰ ਦੇ ਰਹਿਣ ਵਾਲੇ ਦੋ ਦੋਸ਼ੀਆ ਤੋਂ 5 ਕੰਟਰੀ ਮੈਡ ਪਿਸਟਲ .32 ਬੋਰ ਸਮੇਤ 5 ਜਿੰਦਾ ਰੋਂਦ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਸੀ.ਆਈ.ਏ ਦੀ ਟੀਮ ਨੇ ਸਾਹਿਲ ਅਤੇ ਗੁਰਕੀਰਤ ਸਿੰਘ, ਅਮ੍ਰਿਤਸਰ ਨੂੰ ਸਰਹਿੰਦ 'ਚੋਂ ਕਾਬੂ ਕਰਕੇ ਉਹਨਾਂ ਪਾਸੋਂ 5 ਕੰਟਰੀ ਮੇਡ ਪਿਸਟਲ 32 ਬੋਰ ਸਮੇਤ 5 ਜਿੰਦਾ ਰੌਂਦ ਬਰਾਮਦ ਕੀਤੇ। ਦੋਸ਼ੀਆ ਦੇ ਖਿਲਾਫ਼ ਅਸਲਾ ਐਕਟ ਥਾਣਾ ਸਰਹਿੰਦ ਵਿੱਖੇ ਦਰਜ ਕਰਵਾਇਆ ਗਿਆ।

ਦੋਸ਼ੀ ਗੁਰਕੀਰਤ ਸਿੰਘ ਇਕ ਸਾਲ ਮਲੇਸ਼ੀਆ ਲਗਾ ਕੇ ਮਈ 2024 ਵਿੱਚ ਵਾਪਸ ਆਇਆ ਹੈ। ਇਹ ਦੋਵੇਂ ਦੋਸ਼ੀ ਗੈਂਗਸਟਰ ਅਰਸ਼ ਡੱਲਾ ਲਈ ਪਟਿਆਲਾ ਜੇਲ੍ਹ ਵਿੱਚ ਬੰਦ ਦੋਸ਼ੀ ਤੇਜਬੀਰ ਸਿੰਘ ਉਰਫ਼ ਸਾਬੂ ਵਾਸੀ ਅੰਮ੍ਰਿਤਸਰ ਰਾਹੀਂ ਕੰਮ ਕਰਦੇ ਸਨ, ਜੋ ਕਿ ਕਤਲ ਅਤੇ ਨਜਾਇਜ਼ ਅਸਲਿਆ ਦੇ ਮੁਕੱਦਮਿਆ 'ਚ ਜੇਲ੍ਹ ਵਿਚ ਬੰਦ ਹੈ। ਦੋਸ਼ੀ ਸਾਹਿਲ ਅਤੇ ਤੇਜਬੀਰ ਸਿੰਘ ਅੰਮ੍ਰਿਤਸਰ ਦੇ ਮੁਹੱਲਾ ਸਰੀਫਪੁਰਾ ਦੇ ਰਹਿਣ ਵਾਲੇ ਹਨ, ਜਿਸ ਕਰਕੇ ਇਹ ਇੱਕ ਦੂਜੇ ਦੇ ਦੋਸਤ ਹਨ। ਤੇਜਬੀਰ ਸਿੰਘ ਉਰਫ਼ ਸਾਬੂ ਗੈਂਗਸਟਰ ਅਰਸ਼ ਡੱਲੇ ਦਾ ਐਸੋਸੀਏਟ ਹੈ। ਜਿਸ ਨੇ ਅੰਮ੍ਰਿਤਸਰ ਵਿੱਚ ਇੱਕ ਕਤਲ ਦੀ ਵਾਰਦਾਤ ਅਤੇ ਹੋਰ ਵੱਡੀਆ ਵਾਰਦਾਤਾਂ ਤੇ ਫਿਰੋਤੀਆਂ ਨੂੰ ਅੰਜਾਮ ਦੇਣ ਲਈ ਇਹਨਾਂ ਦੋਸ਼ੀਆਂ ਨੂੰ ਇਹ ਅਸਲੇ ਮੁਹੱਈਆ ਕਰਵਾਏ ਸਨ। ਜਿਹਨਾਂ ਨੂੰ ਸਮਾਂ ਰਹਿੰਦਿਆ ਹੀ ਕਾਬੂ ਕਰਕੇ ਕਿਸੇ ਵੱਡੀ ਵਾਰਦਾਤ ਨੂੰ ਹੋਣ ਤੋਂ ਰੋਕਿਆ ਗਿਆ ਹੈ। ਪਟਿਆਲਾ ਜੇਲ੍ਹ ਵਿੱਚ ਬੰਦ ਦੋਸ਼ੀ ਤੇਜਬੀਰ ਸਿੰਘ ਨੂੰ ਜੇਲ੍ਹ ਵਿੱਚੋਂ ਲਿਆ ਕੇ ਡੂੰਘਾਈ ਨਾਲ ਪੁੱਛਗਿੱਛ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ, ਜਿਸ ਤੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ। ਫਿਲਹਾਲ ਤਿੰਨੋ ਦੋਸ਼ੀ ਪੁਲਿਸ ਰਿਮਾਂਡ 'ਤੇ ਹਨ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰੋਜ ਗੁਪਤਾ ਨੇ ਰੈਡ ਕਰਾਸ ਦੇ ਵਿੰਗਸ ਪ੍ਰੋਜੈਕਟ ਨੂੰ ਦਿੱਤਾ ਇਕ ਲੱਖ ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਮਾਨਸਿਕ ਤੌਰ ’ਤੇ ਕਮਜ਼ੋਰ ਬੱਚਿਆਂ ਦੀ ਭਲਾਈ ਲਈ ਚਲਾਏ ਜਾ ਰਹੇ ਵਿੰਗਸ ਪ੍ਰੋਜੈਕਟ ਲਈ ਹੁਸ਼ਿਆਰਪੁਰ ਦੇ ਨਿਊ ਜਗਤਪੁਰਾ ਵਸਨੀਕ ਸਰੋਜ ਗੁਪਤਾ ਨੇ ਇਕ ਲੱਖ ਰੁਪਏ ਦਾ ਯੋਗਦਾਨ ਦਿੱਤਾ ਹੈ। ਉਨ੍ਹਾਂ ਆਪਣੇ ਸਵ: ਪਿਤਾ ਵਿਜੇ ਕੁਮਾਰ ਗੁਪਤਾ ਦੀ ਯਾਦ ਵਿਚ ਇਹ ਸਹਿਯੋਗ ਰੈਡ ਕਰਾਸ ਸੁਸਾਇਟੀ ਨੂੰ ਦਿੱਤਾ ਹੈ।

ਸਕੱਤਰ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਵਿਸ਼ੇਸ਼ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਰੈਡ ਕਰਾਸ ਵਿੰਗਸ ਪ੍ਰੋਜੇਕਟ ਤਹਿਤ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਕੰਟੀਨਾਂ ਖੋਲ੍ਹੀਆਂ ਗਈਆਂ ਹਨ। ਉਨ੍ਹਾਂ ਇਸ ਨੇਕ ਕੰਮ ਲਈ



ਸਰੋਜ ਗੁਪਤਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਇਸ਼ਾਂਕ ਗੋਇਲ, ਕਾਰਜਕਾਰੀ ਕਮੇਟੀ ਮੈਂਬਰ ਰਾਜੀਵ ਬਜਾਜ ਅਤੇ ਵਿਸ਼ੇਸ਼ ਬੱਚੇ ਭਾਵਿਕ, ਸਾਵਿਤਰੀ ਅਤੇ ਦਿਲਾਵਰ ਵੀ ਮੌਜੂਦ ਸਨ।

for more news visit:
www.samajweekly.com

# ਵਿਸ਼ਵ ਪੁਸਤਕ ਮੇਲਾ ਦਿੱਲੀ ਵਿਖੇ ਡਾ. ਜਸਵੰਤ ਰਾਏ ਦੀ ਹਿੰਦੀ ਪੁਸਤਕ ‘ਬੀਜ ਤੋਂ ਬਿਰਖ ਤੱਕ’ ਲੋਕ-ਅਰਪਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੁਸਤਕ ਮੇਲੇ ਦੇ ਸਭ ਤੋਂ ਵੱਡੇ ਕੁੰਭ ਵਿਸ਼ਵ ਪੁਸਤਕ ਮੇਲਾ ਦਿੱਲੀ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਂ ਨੂੰ ਉਦੋਂ ਹੋਰ ਚਾਰ ਚੰਨ ਲੱਗ ਗਏ ਜਦੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਖੋਜ ਅਫ਼ਸਰ ਵਜੋਂ ਸੇਵਾਵਾਂ ਨਿਭਾਅ ਰਹੇ ਡਾ. ਜਸਵੰਤ ਰਾਏ ਦੀ ਹਿੰਦੀ ਪੁਸਤਕ ‘ਬੀਜ ਤੋਂ ਬਿਰਖ ਤੱਕ’ਨੂੰ ਪ੍ਰਭਾਤ ਪ੍ਰਕਾਸ਼ਕ ਦਿੱਲੀ ਵੱਲੋਂ ਲੋਕ-ਅਰਪਣ ਸਮਾਗਮ ਕਰਕੇ ਪਾਠਕਾਂ ਦੀ ਝੋਲ਼ੀ ਪਾਇਆ ਗਿਆ। ਇਹ ਪੁਸਤਕ ਆਈ.ਏ.ਐੱਸ. ਅਫ਼ਸਰ ਜੀ.ਐੱਸ. ਨਵੀਨ ਕੁਮਾਰ ਦੀ ਜ਼ਿੰਦਗੀ ’ਤੇ ਅਧਾਰਿਤ ਇੱਕ ਪ੍ਰੇਰਣਾਦਾਇਕ ਕਹਾਣੀ ਹੈ। ਗ਼ੌਰਤਲਬ ਹੈ ਕਿ ਇਹ ਪੁਸਤਕ ਪਹਿਲਾਂ ਆੱਟਮ ਆਰਟ ਪ੍ਰਕਾਸ਼ਕ ਪਟਿਆਲਾ ਵੱਲੋਂ ਮਾਂ ਬੋਲੀ ਪੰਜਾਬੀ ਵਿੱਚ ਵੀ ਛਪ ਚੁੱਕੀ ਹੈ ਜਿਸਦਾ ਪਾਠਕਾਂ ਖ਼ਾਸ ਕਰਕੇ ਵਿਦਿਆਰਥੀਆਂ ਨੇ ਭਰਵਾਂ ਹੁੰਗਾਰਾ ਭਰਿਆ ਹੈ। ਪੁਸਤਕ ਬਾਰੇ ਗੱਲ ਕਰਦਿਆਂ ਲੇਖਕ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਇੱਕ ਸਧਾਰਨ ਪਰਿਵਾਰ ’ਚੋਂ ਨਿਕਲੇ ਨਵੀਨ ਕੁਮਾਰ ਦੀ ਜ਼ਿੰਦਗੀ ਦੇ ਸੰਘਰਸ਼,




ਕਿਤਾਬਾਂ ਨੂੰ ਮੋਹ ਕਰਨ ਦੇ ਨਤੀਜੇ, ਬੱਚਿਆਂ ਦੀ ਪੜ੍ਹਾਈ ’ਚ ਮਾਪਿਆਂ ਦਾ ਰੋਲ, ਅਧਿਆਪਕ ਦੀ ਗਲਵੱਕੜੀ, ਨਾਇਕਾਂ ਦੀ ਚੋਣ, ਸੁਪਨਿਆਂ ਨੂੰ ਸੱਚ ਕਰਨ ਦੇ ਤਰੱਦਦ ਦਾ ਮਾਰਮਿਕ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਹ ਪੁਸਤਕ ਵਿਦਿਆਰਥੀਆਂ ਵੱਲੋਂ ਵੱਡੇ ਟੈਸਟ ਕਿਵੇਂ ਪਾਸ ਕਰਨੇ ਹਨ ਤੱਕ ਹੀ ਸੀਮਿਤ ਨਹੀਂ ਸਗੋਂ ਵੱਡੇ ਅਹੁਦਿਆਂ ’ਤੇ ਪਹੁੰਚ ਕੇ ਲੋਕ ਹਿੱਤਾਂ ਤੇ ਦੇਸ਼ ਲਈ ਕਿਵੇਂ ਕੰਮ ਕਰਨੇ ਹਨ ਦਾ ਵੀ ਵਿਖਿਆਨ ਕਰਦੀ ਹੈ। ਪੰਜਾਬੀ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਛਪਣ ਵਾਲੇ ਕਵੀ ਮਦਨ ਵੀਰਾ ਨੇ ਪੁਸਤਕ ਦੇ ਨਾਇਕ ਅਤੇ ਲੇਖਕ ਦੋਹਾਂ ਨੂੰ ਇਸ ਪੁਸਤਕ ਰਾਹੀਂ ਸਾਹਿਤ ਵਿੱਚ ਵਿਦਿਆਰਥੀਆਂ ਲਈ ਇੱਕ ਨਵਾਂ ਅਧਿਆਇ ਜੋੜਨ ਲਈ ਵਧਾਈ ਦਿੱਤੀ। ਆਈ.ਏ.ਐੱਸ. ਨਵੀਨ ਕੁਮਾਰ ਨੇ ਆਪਣੀ ਜ਼ਿੰਦਗੀ ਦੇ ਕਈ ਪਹਿਲੂਆਂ ਬਾਰੇ ਗੱਲਾਂ ਕਰਦਿਆਂ 2022 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦਾ ਭਰਮਣ ਕਰਦਿਆਂ ਗੁਜ਼ਾਰੇ ਉਨ੍ਹਾਂ ਖ਼ੂਬਸੂਰਤ ਪਲਾਂ ਨੂੰ ਯਾਦ ਕੀਤਾ ਜਿਹੜੇ ਇਸ ਪੁਸਤਕ ਦਾ ਅਧਾਰ ਬਣੇ। ਡੀ.ਐੱਮ. ਹਿੰਦੀ ਕੁਲਦੀਪ ਸਿੰਘ ਨੇ ਇਸ ਪੁਸਤਕ ਦੀ ਹਿੰਦੀ ਭਾਸ਼ਾਈ ਸੁਧਾਈ ਕਰਦਿਆਂ ਧਿਆਨ ਵਿੱਚ ਆਏ ਨੁਕਤੇ ਸਾਂਝੇ ਕੀਤੇ। ਪ੍ਰਭਾਤ ਪ੍ਰਕਾਸ਼ਕ ਪੀਊਸ਼ ਨੇ ਲੇਖਕ ਡਾ. ਜਸਵੰਤ ਰਾਏ ਅਤੇ ਪੁਸਤਕ ਦੇ ਨਾਇਕ ਆਈ.ਏ.ਐੱਸ. ਜੀ.ਐੱਸ. ਨਵੀਨ ਕੁਮਾਰ ਨੂੰ ਆਪਣੇ ਪ੍ਰਕਾਸ਼ਨ ਹਾਊਸ ਨਾਲ ਜੁੜਨ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਕਮਲ ਕਿਸ਼ੋਰ ਯਾਦਵ, ਡਾ. ਕਰਨੈਲ ਚੰਦ, ਚਿੰਤਕ ਯੋਧਾ ਮੱਲ ਪਾਲ, ਜੇ.ਐੱਨ.ਯੂ. ਤੋਂ ਰਿਸਰਚ ਸਕਾਲਰ ਇੰਦਰਜੀਤ, ਆਦਿਤਿਆ ਰਾਓ ਅਤੇ ਸੁਏਸ਼ ਰੇਅ ਵੀ ਮੌਜੂਦ ਸਨ।

# ਮੌਤ ਉਪਰੰਤ ਬੱਸੀ ਜੌੜਾ ਦੇ ਨਿਰਮਲ ਸਿੰਘ ਦੀਆਂ ਅੱਖਾਂ ਨੇ ਦੋ ਨੇਤਰਹੀਣ ਵਿਅਕਤੀਆਂ ਦੀ ਜ਼ਿੰਦਗੀ ਨੂੰ ਕੀਤਾ ਰੋਸ਼ਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪਿੰਡ ਬੱਸੀ ਜੌੜਾ ਨੇੜੇ ਚੱਬੇਵਾਲ ਦੇ ਵਸਨੀਕ ਸਰਦਾਰ ਨਿਰਮਲ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਸਰਬੱਤ ਦੇ ਭਲੇ ਲਈ ਉਨ੍ਹਾਂ ਦੀ ਅੱਖਾਂ ਦਾਨ ਕਰਕੇ ਦੋ ਨੇਤਰਹੀਣ ਵਿਅਕਤੀਆਂ ਦੀ ਜ਼ਿੰਦਗੀ ਨੂੰ ਕੀਤਾ ਰੋਸ਼ਨ। ਇਸ ਮੌਕੇ ਤੇ ਨੇਤਰਦਾਨੀ ਦੀ ਧਰਮਪਤਨੀ ਸ਼੍ਰੀਮਤੀ ਸ਼ੀਲਾ ਦੇਵੀ , ਸਮਾਜ ਸੇਵੀ ਕੇਵਲ ਸਿੰਘ ਹੀਰ ਸ਼ੇਰਪੁਰ ਗਲਿੰਡ , ਹਰਮੇਸ਼ ਲਾਲ, ਬਲਵਿੰਦਰ ਕੁਮਾਰ, ਸੁਰਿੰਦਰ ਪਾਲ, ਮਹਿੰਦਰ ਸਿੰਘ ਹੀਰ , ਪ੍ਰਕਾਸ਼ ਚੰਦ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਹਾਜਰ ਸਨ। ਨੇਤਰ ਦਾਨ ਐਸੋਸੀਏਸ਼ਨ



ਹੁਸ਼ਿਆਰਪੁਰ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਪ੍ਰਧਾਨ ਮਨਮੋਹਨ ਸਿੰਘ, ਬਲਜੀਤ ਸਿੰਘ ਪਨੇਸਰ , ਸ਼ਰੇਸ ਕਪਾਟੀਆ , ਡਾਕਟਰ ਗੁਰਬਖਸ਼ ਸਿੰਘ , ਗੁਰਪ੍ਰੀਤ ਸਿੰਘ ਅਤੇ ਸ਼੍ਰੀ ਮਤੀ ਸੰਤੋਸ਼ ਸੈਣੀ ਵੱਲੋਂ ਜਿੱਥੇ ਪ੍ਰੀਵਾਰ ਨਾਲ ਦੁੱਖ ਸਾਂਝਾ ਕੀਤਾ ਉਥੇ ਨੇਤਰਦਾਨ ਸੇਵਾ ਕਰਨ ਲਈ ਪ੍ਰੀਵਾਰ ਦਾ ਧੰਨਵਾਦ ਕੀਤਾ ਉਨ੍ਹਾਂ ਦੱਸਿਆ ਕਿ ਨੇਤਰਦਾਨ ਐਸੋਸੀਏਸ਼ਨ , ਸਿਵਲ ਹਸਪਤਾਲ ਹੁਸ਼ਿਆਰਪੁਰ ਪਿਛਲੇ 25 ਸਾਲਾਂ ਤੋਂ ਮਾਨਵਤਾ ਦੀ ਸੇਵਾ ਕਰ ਰਹੀ ਹੈ ਅਤੇ ਸੈਂਕੜੇ ਹੀ ਨੇਤਰਹੀਣ ਲੋਕਾਂ ਦੀ ਜ਼ਿੰਦਗੀ ਨੂੰ ਰੋਸ਼ਨ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ ਅਤੇ ਮੁੱਖ ਉਦੇਸ਼ ਦੇਸ਼ ਨੂੰ ਨੇਤਰਹੀਣਤਾ ਮੁਕਤ ਕਰਨ ਹੈ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਖ਼ੂਨ ਦਾਨ ਅਤੇ ਨੇਤਰਦਾਨ ਪ੍ਰਤੀ ਜਾਗਰੂਕਤਾ ਕੈਂਪ ਲਗਾਉਣ ਲਈ ਅੱਗੇ ਆਉਣ ਦੀ ਅਪੀਲ ਵੀ ਕੀਤੀ।

# ਉੱਘੇ ਗੀਤਕਾਰ ਇਕਬਾਲ ਸਿੰਘ ਪੀ ਟੀ ਨੂੰ ਸਦਮਾ,ਪਿਤਾ ਜੀ ਦਾ ਦਿਹਾਂਤ...

### ਇਲਾਕੇ ਭਰ ਦੇ ਸਾਹਿਤਕਾਰ ਹੋਏ ਦੁੱਖ 'ਚ ਸ਼ਰੀਕ..

**ਬਠਿੰਡਾ(ਰਮੇਸ਼ਵਰ ਸਿੰਘ)** ਪਿਛਲੇ ਦਿਨੀਂ ਸਾਹਿਤ ਜਾਗ੍ਰਿਤੀ ਸਭਾ (ਰਜਿ.) ਬਠਿੰਡਾ ਦੇ ਸੀਨੀਅਰ ਮੈਂਬਰ, ਉੱਘੇ ਗੀਤਕਾਰ ਇਕਬਾਲ ਸਿੰਘ ਪੀ ਟੀ ਦੇ ਪਿਤਾ ਸਰਦਾਰ ਹਰਗੋਬਿੰਦ ਸਿੰਘ ਸਰਾਂ ਲੰਬੀ ਬਿਮਾਰੀ ਨਾਲ ਜੂਝਦਿਆਂ ਅਕਾਲ ਚਲਾਣਾ ਕਰ ਗਏ, ਇਸ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਦੇ ਸਾਹਿਤਕਾਰਾਂ ਨੇ ਸ਼ਾਮਿਲ ਹੁੰਦਿਆਂ ਇਕਬਾਲ ਸਿੰਘ ਪੀ ਟੀ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਅਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਵੱਖੋ-ਵੱਖ ਸਾਹਿਤਕ ਸੰਸਥਾਵਾਂ ਨਾਲ ਸੰਬੰਧਤ ਸਾਹਿਤਕਾਰ ਜਸਪਾਲ ਮਾਨਖੇੜਾ,ਅਤਰਜੀਤ ਕਹਾਣੀਕਾਰ, ਸੁਰਿੰਦਰਪ੍ਰੀਤ ਘਣੀਆ, ਸ਼ੁਖਦਰਸ਼ਨ ਗਰਗ, ਜਨਕ ਰਾਜ ਜਨਕ, ਅਮਰਜੀਤ ਸਿੰਘ ਜੀਤ, ਕੁਲਦੀਪ ਸਿੰਘ ਬੰਗੀ ,ਰਣਬੀਰ ਰਾਣਾ,ਰਣਜੀਤ ਗੌਰਵ, ਬਲਵਿੰਦਰ ਭੁੱਲਰ, ਤਰਸੇਮ ਬੁੱਟਰ, ਐਡਵੋਕੇਟ ਗੁਰਵਿੰਦਰ ਸਿੰਘ, ਤਰਸੇਮ ਬਸ਼ਰ, ਰਮੇਸ਼ ਗਰਗ, ਰਮੇਸ਼ ਸੇਠੀ ਬਾਦਲ,ਹਰਦਰਸ਼ਨ ਸਿੰਘ ਸੋਹਲ, ਜਗਦੀਸ਼ ਬਾਂਸਲ, ਰੂਪ ਚੰਦ ਸ਼ਰਮਾ,ਅਮਨ ਦਾਤੇਵਾਸ, ਆਗਾਜ਼ਵੀਰ ਕਹਾਣੀਕਾਰ, ਦਮਜੀਤ ਦਰਸ਼ਨ, ਡਾਕਟਰ ਜਸਪਾਲ ਜੀਤ, ਮਨਜੀਤ ਸਿੰਘ ਜੀਤ, ਰਾਜਬੀਰ ਕੌਰ, ਦਵੀ ਸਿੱਧੂ,ਤਰਸੇਮ ਨਰੂਲਾ, ਜਸਪਾਲ ਜੱਸੀ,ਮੋਹਨਜੀਤ ਸਿੰਘ ਪੁਰੀ,ਮਾਸਟਰ ਜਗਨ ਨਾਥ, ਅਮਰਜੀਤ ਸਿੰਘ ਪੇਂਟਰ, ਅਵਤਾਰ ਸਿੰਘ ਬਾਹੀਆ, ਗੁਰਪ੍ਰੀਤ ਸਿੰਘ ਗਰੇਵਾਲ, ਹਰਦੀਪ ਸਿੰਘ ਸੇਵਾਮੁਕਤ ਡੀਈਓ, ਮੰਗਤ ਕੁਲਜਿੰਦ ਅਤੇ ਹੋਰ ਬਹੁਤ ਸਾਰੀਆਂ ਸਾਹਿਤਕ ਸ਼ਖਸੀਅਤਾਂ ਇਕਬਾਲ ਸਿੰਘ ਪੀ ਟੀ ਦੇ ਗਮ ਚ ਸ਼ਰੀਕ ਹੋਈਆਂ।



The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਦੁਨੀਆਂ ਦਾ ਪਲੇਠਾ "ਮੇਲਾ ਗੀਤਕਾਰਾਂ ਦਾ" ਹੋਵੇਗਾ 22 ਫ਼ਰਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਮੇਲਾ ਗੀਤਕਾਰਾਂ ਦਾ 22 ਫ਼ਰਵਰੀ 2025 ਦਿਨ ਸ਼ਨੀਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖ਼ੇ ਸਵੇਰ ਦੇ 11 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਵਿਸ਼ਵ ਪੰਜਾਬੀ ਗੀਤਕਾਰ ਪਰਿਵਾਰ ਅਤੇ ਪੰਜਾਬੀ ਗੀਤਕਾਰ ਮੰਚ (ਰਜਿ:) ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਅਤੇ ਸਮੂਹ ਗੀਤਕਾਰਾਂ ਵੱਲੋਂ ਕੀਤੇ ਸਾਂਝੇ ਉਪਰਾਲੇ ਸਦਕਾ ਇਸ ਮੇਲੇ ਵਿੱਚ ਪੰਜਾਬ ਦੇ ਲੱਗਭਗ 1000 ਤੋਂ ਉੱਪਰ ਗੀਤਕਾਰਾਂ ਦੇ ਪੁੱਜਣ ਦੀ ਸੰਭਾਵਨਾ ਹੈ । ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਨਾਮੀ ਗੀਤਕਾਰਾਂ ਤੋਂ ਇਲਾਵਾ ਨਵੇਂ ਗੀਤਕਾਰ ਅਤੇ ਓਹ ਗੀਤਕਾਰ ਜਿਹਨਾਂ ਦੇ ਗੀਤ ਤਾਂ ਵੱਡੇ ਵੱਡੇ ਕਲਾਕਾਰਾਂ ਦੀ ਆਵਾਜ਼ ਵਿੱਚ ਸੁਣੇ ਹਨ, ਪਰ ਅਸੀਂ ਕਦੇ ਓਹਨਾਂ ਨੂੰ ਦੇਖਿਆ ਨਹੀਂ ਓਹ ਸਾਰੇ ਗੀਤਕਾਰ ਵੀ ਆਪਣੀ ਹਾਜ਼ਰੀ ਭਰਨਗੇ। ਮੇਲੇ ਬਾਰੇ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਨੇ ਦੱਸਿਆ ਕਿ ਮੇਲੇ ਦਾ ਮੁੱਖ ਮਕਸਦ ਸਾਡੇ ਗੀਤਕਾਰ ਵੀਰਾਂ ਨੂੰ ਇੰਡੀਅਨ ਪ੍ਰਫਾਰਮਿੰਗ ਰਾਈਟ ਸੋਸਾਇਟੀ ਸੰਸਥਾ ਨਾਲ ਜੋੜਕੇ ਓਹਨਾਂ ਨੂੰ ਓਹਨਾਂ ਦੇ ਗੀਤਾਂ ਦੀ ਉਮਰ ਭਰ ਰਾਇਲਟੀ ਦੁਆਉਣਾ , ਗੀਤਾਂ ਦੀ ਚੋਰੀ ਨੂੰ ਰੋਕਣਾਂ , 60 ਸਾਲ ਤੋਂ ਉੱਪਰ ਬਜ਼ੁਰਗ ਤੇ ਬੀਮਾਰ ਗੀਤਕਾਰਾਂ ਨੂੰ ਸਰਕਾਰ ਤੋਂ ਪੈਨਸ਼ਨ ਅਤੇ ਮੁਫ਼ਤ ਇਲਾਜ਼ ਦਾ ਪ੍ਰਬੰਧ ਕਰਵਾਉਣਾ ਹੈ । ਭੱਟੀ ਭੜੀ ਵਾਲਾ ਨੇ ਦੱਸਿਆ ਕਿ ਇਹ ਮੇਲਾ ਸਮੂਹ ਗੀਤਕਾਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ । ਮੇਲੇ ਦੀ ਪ੍ਰਬੰਧਕ ਟੀਮ ਵਿੱਚ ਸ਼੍ਰੀ ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ,ਸੇਵਾ ਸਿੰਘ ਨੌਰਥ, ਬਲਬੀਰ ਮਾਨ, ਭੱਟੀ ਭੜੀਵਾਲਾ, ਬਿੱਟੂ ਖੰਨੇ ਵਾਲਾ, ਬੂਟਾ ਭਾਈ ਰੂਪਾ, ਬੱਬੂ ਬਰਾੜ, ਨਿੰਮਾ ਲੁਹ-ਾਰਕੇ, ਗੁਰਵਿੰਦਰ ਕੈਂਡੋਵਾਲ, ਅਜੀਤਪਾਲ ਜੀਤੀ ਅਤੇ ਭੰਗੂ ਫਲੇੜੇਵਾਲਾ ਦੇ ਨਾਮ ਜ਼ਿਕਰਯੋਗ ਹਨ । ਮੇਲੇ ਦੇ ਸਰਪ੍ਰਸਤ ਸ.ਬਾਬੂ ਸਿੰਘ ਮਾਨ, ਸ਼੍ਰੀ ਗੁਰਭਜਨ ਗਿੱਲ, ਸ਼੍ਰੀ ਸ਼ਮਸ਼ੇਰ ਸੰਧੂ, ਸ਼੍ਰੀ ਜਰਨੈਲ ਘੁਮਾਣ ਅਤੇ ਸ. ਅਮਰੀਕ ਸਿੰਘ ਤਲਵੰਡੀ ਹਨ । ਮੇਲੇ ਦੇ ਮੁੱਖ ਪ੍ਰਬੰਧਕ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਹਨ, ਜਿਹਨਾਂ ਦੀ ਰਹਿਨੁਮਾਈ ਥੱਲੇ ਮੇਲੇ ਦੀ ਕੋਆਰਡੀਨੇਟਰ ਟੀਮ ਅਮਨ ਫੁੱਲਾਂਵਾਲ, ਗਿੱਲ ਦੁੱਗਰੀ,ਅਨੂਪ ਸਿੱਧੂ ਅਤੇ ਦਿਲਬਾਗ ਹੁੰਦਲ ਪੂਰੇ ਜ਼ੋਰ ਸ਼ੋਰ ਨਾਲ ਮੇਲੇ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਵਿੱਚ ਦਿਨ ਰਾਤ ਇੱਕ ਕਰ ਰਹੇ ਹਨ । ਮੇਲੇ ਦੇ ਸਟੇਜ ਪ੍ਰਬੰਧਕਾਂ ਵਿੱਚ ਪ੍ਰੋ . ਨਿਰਮਲ ਜੌੜਾ, ਬਿੱਟੂ ਖੰਨੇਵਾਲਾ, ਜਗਤਾਰ ਜੱਗੀ ਅਤੇ ਕਰਨੈਲ ਸਿਵੀਆ ਦੇ ਨਾਮ ਸ਼ਾਮਲ ਹਨ । ਮੇਲੇ ਵਿੱਚ ਅਸ਼ੋਕ ਬਾਂਸਲ ਮਾਨਸਾ, ਸ਼ਮਸ਼ੇਰ ਸੰਧੂ, ਬਲਬੀਰ ਮਾਨ, ਜਰਨੈਲ ਘੁਮਾਣ ਅਤੇ ਗੁਰਭਜਨ ਗਿੱਲ ਪੰਜਾਬੀ ਗੀਤਕਾਰੀ ਵਿੱਚ ਆਏ ਨਿਘਾਰ ਅਤੇ ਅਜੋਕੀ ਗੀਤਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਮੇਲੇ ਦੌਰਾਨ ਤਕਰੀਬਨ 2.30 ਵਜੇ ਤੋਂ ਪੰਜਾਬ ਦੇ ਸਿਰਕੱਢ ਗਾਇਕ ਗੀਤਕਾਰ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਦੇਬੀ ਮਖਸੂਸਪੁਰੀ, ਸਰਬਜੀਤ ਚੀਮਾ, ਹਾਕਮ ਬਖ਼ਤੜੀ ਵਾਲਾ, ਆਤਮਾ ਬੁੱਢੇਵਾਲ, ਬਲਬੀਰ ਬੋਪਾਰ-ਾਏ, ਹਰਿੰਦਰ ਸੰਧੂ, ਵੀਤ ਬਲਜੀਤ, ਹੈਪੀ ਰਾਏਕੋਟੀ, ਬਿੱਟੂ ਖੰਨੇਵਾਲਾ, ਫ਼ਤਹਿ ਸ਼ੇਰਗਿੱਲ, ਬਿੰਦਰ ਨੱਥੂਮਾਜਰਾ,ਪ੍ਰੀਤ ਹਰਪਾਲ, ਕੁਲਦੀਪ ਕੰਡਿਆਰਾ, ਸ਼ਨੀ ਸ਼ਾਹ ਅਤੇ ਸ਼ੇਰ ਰਾਣਵਾਂ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ । ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਸਾਰੇ ਗਾਇਕਾਂ, ਸੰਗੀਤਕਾਰਾਂ, ਵੀਡੀਓ ਡਾਇਰੈਕਟਰਾਂ, ਕਵੀਆਂ, ਲੇਖਕਾਂ, ਸਾਹਿਤਕਾਰਾਂ, ਗ਼ਜ਼ਲਗੋਆਂ, ਕਹਾਣੀਕਾਰਾਂ, ਭੰਗੜੇ ਗਿੱਧੇ ਦੇ ਕਲਾਕਾਰਾਂ, ਪੱਤਰਕਾਰਾਂ, ਲੇਖਕਾਂ, ਸ਼ਾਇਰਾਂ, ਬੁੱਧੀਜੀਵੀਆਂ,ਮੀਡੀਆ ਤੇ ਪ੍ਰੈਸ ਨੂੰ ਖੁੱਲ੍ਹਾ ਸੱਦਾ ਹੈ। ਮੇਲੇ ਦੀ ਖ਼ਾਸੀਅਤ ਇਹ ਹੈ ਕਿ ਮੇਲੇ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਤੋਂ ਵਿਸ਼ੇਸ਼ ਕਰਕੇ ਗੀਤਕਾਰ ਭਾਗ ਲੈ ਰਹੇ ਹਨ । ਮੇਲੇ ਵਾਲੇ ਦਿਨ ਸਵੇਰ ਤੋਂ ਚਾਹ ਅਤੇ ਲੰਗਰ ਅਟੁੱਟ ਵਰਤੇਗਾ। ਮੇਲੇ ਦਾ ਲਾਈਵ ਪ੍ਰਸਾਰਣ ਅਮਨ ਫੁੱਲਾਂਵਾਲ ਵੱਲੋਂ " ਸੋਚ ਪੰਜਾਬ ਦੀ " ਅਤੇ ਹੋਰ ਚੈੱਨਲਾਂ ਤੇ ਕੀਤਾ ਜਾਵੇਗਾ ।








# ਸੇਫਰ ਇੰਟਰਨੈਟ ਡੇਅ ’ਤੇ ਸਕੂਲ ਆਫ਼ ਐਮੀਨੈਂਸ ਪੁਰਹੀਰਾਂ ’ਚ ਜਾਗਰੂਕਤਾ ਪ੍ਰੋਗਰਾਮ ਕਰਵਾਇਆ

## ਐਨ.ਆਈ.ਸੀ. ਵਲੋਂ ਵਿਦਿਆਰਥੀਆਂ ਨੂੰ ਇੰਟਰਨੈਟ ਦੇ ਸੁਰੱਖਿਅਤ ਅਤੇ ਜ਼ਿੰਮੇਵਾਰ ਵਰਤੋਂ ਬਾਰੇ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਕੂਲ ਆਫ਼ ਐਮੀਨੈਂਸ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਪੁਰਹੀਰਾਂ ਵਿਖੇ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ.ਆਈ.ਸੀ.) ਵਲੋਂ ਸੇਫਰ ਇੰਟਰਨੈਟ ਡੇਅ ’ਤੇ ਇਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮੰਤਵ ਵਿਦਿਆਰਥੀਆਂ ਨੂੰ ਇੰਟਰਨੈਟ ਦੇ ਸੁਰੱਖਿਅਤ ਅਤੇ ਜ਼ਿੰਮੇਵਾਰ ਵਰਤੋਂ ਪ੍ਰਤੀ ਜਾਗਰੂਕ ਕਰਨਾ ਸੀ।

ਇਸ ਮੌਕੇ ਡਿਸਟ੍ਰਿਕਟ ਰੋਲਆਊਟ ਮੈਨੇਜਰ ਜਸਪ੍ਰੀਤ ਸਿੰਘ ਅਤੇ ਨੈਟਵਰਕ ਇੰਜੀਨੀਅਰ ਰਾਜਨਦੀਪ ਸਿੰਘ ਸੋਹਲ ਨੇ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਦੇ ਮਹੱਤਵ, ਸਾਈਬਰ ਹਾਈਜੀਨ ਅਤੇ ਸੁਰੱਖਿਅਤ ਇੰਟਰਨੈਟ ਵਰਤੋਂ ਦੇ ਢੰਗਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੋਗਰਾਮ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਲਲਿਤਾ ਅਰੋੜਾ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ ਅਤੇ ਬੱਚਿਆਂ ਨੂੰ ਡਿਜਟਲ ਦੁਨੀਆਂ ਵਿਚ ਸੁਚੇਤ ਰਹਿਣ ਲਈ ਪ੍ਰੇਰਿਤ ਕੀਤਾ। ਜਸਪ੍ਰੀਤ ਸਿੰਘ ਨੇ ਵਿਦਿਆਰਥੀਆਂ ਨਾਲ ਇੰਟਰਨੈਟ ਸੁਰੱਖਿਆ ਦੇ ਵੱਖ-ਵੱਖ ਪਹਿਲੂਆਂ ਜਿਵੇਂ ਕਿ ਮਜ਼ਬੂਤ ਪਾਸਵਰਡ ਦੀ ਵਰਤੋਂ, ਡੇਟਾ ਪ੍ਰਾਈਵੇਸੀ, ਆਨਲਾਈਨ ਫਰਾਡ ਤੋਂ ਬਚਾਅ ਅਤੇ ਡਿਜੀਟਲ ਪਲੇਟਫਾਰਮ ’ਤੇ ਸਾਵਧਾਨੀ ਬਣਾਈ ਰੱਖਣ ਦੇ ਢੰਗਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਇੰਟਰਨੈਟ ਉਪਭੋਗਤਾਵਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਵਿਸ਼ੇਸ਼ ਕਰਕੇ ਟਿਅਰ-1,ਟਿਅਰ-2 ਅਤੇ ਟਿਅਰ-3 ਸ਼ਹਿਰਾਂ ਅਤੇ ਪੇਂਡੂ ਹਲਕਿਆਂ ਵਿਚ। ਇਸ ਡਿਜੀਟਲ ਵਿਕਾਸ ਨਾਲ ਹੀ ਸਾਈਬਰ ਖਤਰਿਆਂ ਵਿਚ ਵੀ ਕਾਫੀ ਵਾਧਾ ਹੋਇਆ ਹੈ। ਇਸ ਲਈ ਇੰਟਰਨੈਟ ਦੀ ਸੁਰੱਖਿਅਤ ਵਰਤੋ ਅਤੇ ਸਾਈਬਰ ਸੁਰੱਖਿਆ ਉਪਾਵਾਂ ਨੂੰ ਅਪਣਾਉਣਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਸੇਫਰ ਇੰਟਰਨੈਟ ਡੇਅ ਦਾ ਥੀਮ ਹੈ- ‘ਟੂਗੈਦਰ ਫਾਰ ਏ ਬੈਟਰ ਇੰਟਰਨੈਟ’, ਜੋ ਕਿ ਹਰ ਸਾਲ ਫਰਵਰੀ ਦੇ ਦੂਸਰੇ ਮਹੀਨੇ ਦੇ ਮੰਗਲਵਾਰ ਨੂੰ ਵੱਡੇ ਵੱਧਰ ’ਤੇ ਮਨਾਇਆ ਜਾਂਦਾ ਹੈ। ਇਸ ਪਹਿਲਕਦਮੀ ਤਹਿਤ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੁਆਰਾ ਸੁਰੱਖਿਆ ਸਿੱਖਿਆ ਅਤੇ ਜਾਗਰੂਕਤਾ (ਆਈ.ਐਸ.ਈ.ਏ.) ਪ੍ਰੋਜੈਕਟ ਦੇ ਤਹਿਤ ਇਕ ਦੇਸ਼ ਵਿਆਪੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।



ਪ੍ਰੋਗਰਾਮ ਦੇ ਅਖੀਰ ਵਿਚ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਨਾਲ ਸਬੰਧਤ ਕੁਇਜ਼ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ ਭਾਗ ਲੈਣ ਦਾ ਮੌਕਾ ਪ੍ਰਦਾਨ ਕੀਤਾ ਗਿਆ। ਇਸ ਜਾਗਰੂਕਤਾ ਮੁਹਿੰਮ ਦਾ ਮੁੱਖ ਉਦੇਸ਼ ਭਵਿੱਖ ਦੇ ਡਿਜੀਟਲ ਨਾਗਰਿਕਾਂ ਨੂੰ ਸਾਈਬਰ ਖਤਰਿਆਂ ਪ੍ਰਤੀ ਸੁਚੇਤ ਕਰਨਾ ਅਤੇ ਜ਼ਿੰਮੇਵਾਰੀ ਨਾਲ ਇੰਟਰਨੈਟ ਦੀ ਵਰਤੋਂ ਕਰਨਾ ਸਿਖਾਉਣਾ ਹੈ। ਇਸ ਮੌਕੇ ਗਾਈਡੈਂਸ ਕਾਂਊਂਸਲਰ ਰਾਕੇਸ਼ ਫੂਲ, ਪ੍ਰਿੰਸੀਪਲ ਰਮਨਦੀਪ ਕੌਰ, ਵਾਈਸ ਪ੍ਰਿੰਸੀਪਲ ਪ੍ਰੀਤੀ ਸੈਣੀ, ਲੈਕਚਰਾਰ ਕਾਮਰਸ ਹਰਜਿੰਦਰ ਸਿੰਘ, ਵੋਕੇਸ਼ਨਲ ਅਧਿਆਪਕ ਹਰਜਿੰਦਰ ਸਿੰਘ, ਕੰਪਿਊਟਰ ਅਧਿਆਪਕ ਪ੍ਰਵੀਨ ਕੁਮਾਰ ਅਤੇ ਨਰਿੰਦਰ ਕੁਮਾਰ ਵੀ ਮੌਜੂਦ ਸਨ।

for more news visit:
www.samajweekly.com

# "ਮੌਤ ਉਸਕੀ ਹੈ ਕਰੇ ਜਿਸਕਾ ਜ਼ਮਾਨਾ ਅਫਸੋਸ, ਯੂੰ ਤੋਂ ਦੁਨੀਆਂ ਮੇਂ ਸਭੀ ਆਏ ਹੈਂ ਮਰਨੇ ਕੇ ਲੀਏ"

## ਸਤਵੰਤ ਕੌਰ ਜੀ ਦਾ ਬੇਵਕਤ ਚਲੇ ਜਾਣਾ ਬੜੇ ਦੁਖ ਦੀ ਗੱਲ, ਰੇਸ਼ਮ ਪਰਿਵਾਰ ਨੂੰ ਗਹਿਰਾ ਸਦਮਾ :- ਪੋਪਿੰਦਰ ਸਿੰਘ ਪਾਰਸ

**ਬਰਨਾਲਾ (ਚੰਡਿਹੋਕ )** ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਵਿਚ ਨਿਰੰਤਰ ਕਾਰਜਸ਼ੀਲ ਪ੍ਰਸਿੱਧ ਸ਼ੀਰਾਜ਼ਾ ਪੰਜਾਬੀ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਹੁਰਾਂ ਦੀ ਮਾਸੀ ਸਤਵੰਤ ਕੌਰ ਦਾ ਮਿਤੀ ੯ ਫ਼ਰਵਰੀ ੨੦੨੫ ਨੂੰ ਸ੍ਰੀਨਗਰ ਵਿਖੇ ਦੇਹਾਂਤ ਹੋ ਗਿਆ। ਸਤਵੰਤ ਕੌਰ ਜੀ ਧਰਮਪਤਨੀ ਸਵਰਗੀ ਸ੍. ਬੁੱਧ ਸਿੰਘ ਪਿੰਡ ਗਾਮੇਰਾਜ, ਤਹਿਸੀਲ ਤਰਾਲ ਦੇ ਰਹਿਣ ਵਾਲੇ ਸਨ। ਕੁਝ ਸਮਾਂ ਸਿਹਤ ਠੀਕ ਨਾ ਹੋਣ ਕਾਰਨ ਜੈਰ੍-ਇਲਾਜ ਸਨ। ਬੀਬੀ ਸਤਵੰਤ ਕੌਰ ਸੁਭਾਅ ਦੇ ਮਿਠ-ਬੋਲੜੇ ਅਤੇ ਸ਼ਾਂਤ ਤਬੀਅਤ ਦੇ ਮਾਲਕ ਸਨ। ਬੀਬੀ ਜੀ ਪੰਜਾਬੀ, ਉਰਦੂ ਆਦਿ ਭਾਸ਼ਾਵਾਂ ਵਿਚ ਗਿਆਨ ਭਰਪੂਰ ਸਨ। ਪੰਜਾਬੀ ਸਾਹਿਤ ਤੇ ਸੱਭਿਆਚਾਰ ਬਾਰੇ ਜਾਣਕਾਰੀ ਰਖਦੇ ਸਨ। ਇਨ੍ਹਾਂ ਦਾ ਬੇਵਕਤ ਚਲੇ ਜਾਣਾ ਜਿਥੇ ਪਰਿਵਾਰ ਵਿਚ ਘਾਟਾ ਪਿਆ ਹੈ, ਉਥੇ ਪੰਜਾਬੀ ਅਤੇ ਉਰਦੂ ਅਦੀਬਾਂ ਨੇ ਡਾ.ਪੋਪਿੰਦਰ ਸਿੰਘ ਪਾਰਸ ਨਾਲ ਹਮਦਰਦੀ



ਜਤਾਈ ਹੈ। ਸਤਵੰਤ ਕੌਰ ਰਿਸ਼ਤੇ ਵੱਜੋਂ ਪਾਰਸ ਹੁਰਾਂ ਦੇ ਮਾਸੀ ਜੀ ਸਨ। ਸਤਵੰਤ ਕੌਰ ਜੀ ਦੇ ਪਰਿਵਾਰ ਪਿਛੇ ਤਿੰਨ ਕੁੜੀਆਂ, ਗੁਰਮੀਤ ਕੌਰ, ਸੁਪਿੰਦਰ ਕੌਰ ਅਤੇ ਰਾਜਬੀਰ ਕੌਰ ਤੋਂ ਇਲਾਵਾ ੨ ਭਰਾ ਜਗਜੀਤ ਸਿੰਘ ਮਹਿਤਾ ਅਤੇ ਤੇਜਪਾਲ ਸਿੰਘ ਮਹਿਤਾ ਨੂੰ ਅਲਵਿਦਾ ਕਹਿ ਗਏ ਹਨ। ਇਸ ਦੁਖ ਦੀ ਘੜੀ ਵਿਚ ਪਰਿਵਾਰ ਅਤੇ ਪਾਰਸ ਹੁਰਾਂ ਨਾਲ ਦੁਖ ਸਾਂਝਾ ਕਰਦੇ ਹੋਏ, ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਲੇਖਕ ਅਜੀਤ ਸਿੰਘ ਮਸਤਾਨਾ, ਜੋਗਿੰਦਰ ਸਿੰਘ ਸ਼ਾਨ, ਜੋਗਿੰਦਰ ਸਿੰਘ ਪਾਂਧੀ, ਗੁਰਨਾਮ ਸਿੰਘ ਅਰਸ਼ੀ ਸ੍ਰੀਨਗਰ ਕਸ਼ਮੀਰ, ਜੰਮੂ ਤੋਂ ਡਾ. ਬਲਜੀਤ ਸਿੰਘ ਰੈਨਾ, ਸੁਰਿੰਦਰ ਕੌਰ ਨੀਰ, ਸੂਰਜ ਸਿੰਘ, ਜੰਗ ਸਿੰਘ ਵਰਮਨ, ਡਾ.ਹਰਭਜਨ ਸਿੰਘ, ਡਾ. ਸਨੋਬਰ, ਡਾ.ਅਨੁਰਾਧਾ, ਪ੍ਰੋ.ਗੁਰਸ਼ਰਨ ਕੌਰ, ਹਰਨਾਮ ਸਿੰਘ, ਕਨੇਡਾ ਅਤੇ ਅਮਰਿਕਾ ਤੋਂ ਡਾ. ਭੁਪਿੰਦਰ ਸਿੰਘ, ਡਾ.ਨਰਿੰਦਰ, ਡਾ. ਜਸਮੀਤ ਸਿੰਘ , ਡਾ. ਸੁਖਵਿੰਦਰ ਸਿੰਘ ਬਾਠ, ਡਾ. ਸੁਖਬੀਰ ਸਿੰਘ, ਡਾ. ਸੁਖਵਿੰਦਰ ਸਿੰਘ ਪਠਾਨਕੋਟ, ਬਲਵਿੰਦਰ ਬਾਲਮ ਗੁਰਦਾਸਪੁਰ, ਡਾ.ਹਰਜਿੰਦਰ ਸਿੰਘ ਧਰਮਸ਼ਾਲਾ, ਡਾ.ਲਖਵਿੰਦਰ ਸਿੰਘ ਲੁਧਿਆਣਾ, ਡਾ. ਸਾਹਿਬ ਸਿੰਘ ਜਲੰਧਰ, ਡਾ.ਜਸਵਿੰਦਰ ਸਿੰਘ ਬਠਿੰਡਾ, ਡਾ.ਨਿਡਾਲਾ, ਡਾ. ਲੇਖਰਾਜ ਆਦਿ ਸ਼ਖ਼ਸੀਅਤਾਂ ਇਸ ਦੁਖ ਦੀ ਘੜੀ ਵਿਚ ਬਰਾਬਰ ਦੇ ਸ਼ਰੀਕ ਹਨ। ਬੀਬੀ ਜੀ ਦੀ ਅੰਤਿਮ ਅਰਦਾਸ ਮਿਤੀ ੧੯ ਫ਼ਰਵਰੀ ੨੦੨੫ ਨੂੰ ਗੁਰਦੁਆਰਾ ਸਿੰਘ ਸਭਾ ਨੰ. ੦੧ ਗਾਮੇਰਾਜ ਤਰਾਲ ਵਿਖੇ ੧੧:੩੦ ਵਜੇ ਹੋਵੇਗੀ ਜਦਕਿ ਦੀਵਾਨ ਦੀ ਸਮਾਪਤੀ ਦਿਨ ਦੇ ਬਾਰਾ ਵੱਜੇ ਹੋਵੇਗੀ। ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਰਹੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਮਾਲਵਾ ਸਾਹਿਤ ਸਭਾ ਵਲੋਂ ਗੋਸ਼ਟੀ ਅਤੇ ਪੁਸਤਕ ਲੋਕ ਅਰਪਣ







**ਬਰਨਾਲਾ (ਤੇਜਿੰਦਰ ਚੰਡਿਹੋਕ )** ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਜਗਜੀਤ ਕੌਰ ਢਿੱਲਵਾਂ ਦੇ ਗਜ਼ਲ ਸੰਗ੍ਰਹਿ ਵੰਝਲੀ ਦੀ ਤਾਨ ਦਾ ਲੋਕ ਅਰਪਣ ਕੀਤਾ ਗਿਆ ਅਤੇ ਉੱਘੇ ਆਲੋਚਕ ਡਾ ਸੁਰਜੀਤ ਬਰਾੜ ਦੇ ਨਾਵਲ 'ਗੁਲਾਬੀ ਸੁੰਡੀ 'ਉੱਪਰ ਗੋਸ਼ਟੀ ਕਰਵਾਈ ਗਈ ਜਿਸ ਉੱਪਰ ਪਰਚਾ ਪੜਦਿਆਂ ਡਾ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਡਾ.ਸੁਰਜੀਤ ਬਰਾੜ ਦਾ ਨਾਵਲ 'ਗੁਲਾਬੀ ਸੁੰਡੀ' ਮਾਨਵੀ ਸੰਕਟ ਦੀ ਬਾਤ ਪਾਉਂਦਾ ਸਾਮਰਾਜੀ ਲੁੱਟ ਦੀਆਂ ਅਨੇਕਾਂ ਪਰਤਾਂ ਨੂੰ ਉਲੀਕਦਾ ਹੀ ਨਹੀਂ ਬਲਕਿ ਇਸ ਅਮਾਨਵੀਂ ਵਰਤਾਰੇ ਦਾ ਮੁਕਾਬਲਾ ਕਰਨ ਲਈ ਲੋਕ ਸੰਘਰਸ਼ ਤੇ ਲੋਕ ਸ਼ਕਤੀ ਬਣਕੇ ਅੱਗੇ ਆਉਣ ਦਾ ਹੋਕਾ ਵੀ ਦਿੰਦਾ ਹੈ।

ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਡਾ ਬਰਾੜ ਪੂੰਜੀਵਾਦ ਨੂੰ ਹੀ ਸਾਰੀਆਂ ਬਿਮਾਰੀਆਂ ਦੀ ਜੜ੍ਹ ਸਮਝਦਾ ਹੈ ਜੋ ਕਿ ਸਾਡੀਆਂ ਫਸਲਾਂ ਅਤੇ ਨਸਲਾਂ ਨੂੰ ਖਾ ਰਹੀ ਹੈ ਤੇ ਉਹ ਆਪਣੇ ਨਾਵਲ ਵਿੱਚ ਦੱਸਦਾ ਹੈ ਕਿ ਚੇਤੰਨ ਹੋ ਕੇ ਸੰਘਰਸ਼ਾਂ ਦੇ ਰਾਹ ਪੈ ਕੇ ਇਸ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ ।

ਜਗਜੀਤ ਕੌਰ ਢਿੱਲਵਾਂ ਦੇ ਗਜ਼ਲ ਸੰਗ੍ਰਹਿ ਵੰਝਲੀ ਦੀ ਤਾਨ ਬਾਰੇ ਬੋਲਦਿਆਂ ਗਜ਼ਲਗੋ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਸ ਸੰਗ੍ਰਹਿ ਦੀਆਂ ਗਜ਼ਲਾਂ ਲੋਕ ਹਿਤਾਂ ਦੀ ਗੱਲ ਕਰਦੀਆਂ ਯਥਾਰਥ ਦੇ ਨੇੜੇ ਹਨ। ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਇਸ ਗਜ਼ਲ ਸੰਗ੍ਰਹਿ ਦੀਆਂ ਗਜ਼ਲਾਂ ਔਰਤ ਦੇ ਦਰਦ ਨੂੰ ਬਖ਼ੂਬੀ ਬਿਆਨ ਕਰਦੀਆਂ ਹਨ ਅਤੇ ਉਸ ਨੂੰ ਹੱਕ ਸੱਚ ਖਾਤਰ ਜੂਝਣ ਲਈ ਪ੍ਰੇਰਨਾ ਦਿੰਦੀਆਂ ਹਨ॥ ਇਹਨਾਂ ਤੋਂ ਇਲਾਵਾ ਡਾ ਇਕਬਾਲ ਸਿੰਘ ਸਕਰੌਦੀ ਭੋਲਾ ਸਿੰਘ ਸੰਘੇੜਾ ਡਾ ਭੁਪਿੰਦਰ ਸਿੰਘ ਬੇਦੀ ਡਾ ਤਰਸਪਾਲ ਕੌਰ ਹਾਕਮ ਸਿੰਘ ਰੂੜੇਕੇ ਨਵਕਿਰਨ ਪੱਤੀ ਸੁਖਵਿੰਦਰ ਸਿੰਘ ਆਜ਼ਾਦ ਸੋਹਨ ਸਿੰਘ ਮਾਝੀ ਅਤੇ ਰਾਜੀਵ ਸ਼ਰਮਾ ਨੇ ਇਹਨਾਂ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਸਾਹਿਤਕ ਰਸਾਲੇ ਲੋਹਮਣੀ ਦਾ ਤਾਜ਼ਾ ਅੰਕ ਵੀ ਲੋਕ ਅਰਪਣ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿੱਚ ਜੁਗਰਾਜ ਧੌਲਾ ਬਹਾਦਰ ਸਿੰਘ ਧੌਲਾ ਇਕਬਾਲ ਕੌਰ ਉਦਾਸੀ ਕਪੂਰ ਚੰਦ ਸ਼ਰਮਾ ਰਜਿੰਦਰ ਸਿੰਘ ਰਾਜਨ ਜਗਜੀਤ ਸਿੰਘ ਲੱਡਾ ਸੁਖਵਿੰਦਰ ਸਿੰਘ ਸਨੇਹ ਪਾਲ ਸਿੰਘ ਲਹਿਰੀ ਅਜਮੇਰ ਸਿੰਘ ਅਕਲੀਆ ਪ੍ਰਿੰ ਕੌਰ ਸਿੰਘ ਗੁਰਤੇਜ ਸਿੰਘ ਮੱਖਣ ਰਘਵੀਰ ਸਿੰਘ ਗਿੱਲ ਕੱਟੂ ਸਾਗਰ ਸਿੰਘ ਸਾਗਰ ਰਜਨੀਸ਼ ਕੌਰ ਬਬਲੀ ਡਾ ਹਰਪ੍ਰੀਤ ਕੌਰ ਰੂਬੀ ਮੀਤ ਸਕਰੌਦੀ ਚਰਨੀ ਬੇਦਿਲ ਦਲਵਾਰ ਸਿੰਘ ਧਨੌਲਾ ਗੁਰਪਾਲ ਸਿੰਘ ਬਿਲਾਵਲ ਕਰਮਜੀਤ ਸਿੰਘ ਜੱਗੀ ਭੋਤਨਾ ਮਨਜੀਤ ਸਿੰਘ ਸਾਗਰ ਕਰਮਜੀਤ ਸਿੰਘ ਭੱਠਲ ਤੇਜਿੰਦਰ ਚੰਡਿਹੋਕ ਗੁਰਦੇਵ ਸਿੰਘ ਦਰਦੀ ਡਾ ਸਾਧੂ ਰਾਮ ਲੰਗੇਆਣਾ ਚਤਿੰਦਰ ਰੁਪਾਲ ਮੇਜਰ ਸਿੰਘ ਗਿੱਲ ਪਵਨ ਪਰਿੰਦਾ ਜੁਗਰਾਜ ਸਿੰਘ ਸੇਖਾ ਅਮਾਨਤਪ੍ਰੀਤ ਕੌਰ ਅਤੇ ਵਤਨਪ੍ਰੀਤ ਕੌਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੀ ਰਵਾਇਤ ਮੁਤਾਬਕ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਚੌਰ ਬਲਾਕ ਦੀ ਮਹੀਨਾਵਾਰ ਮੀਟਿੰਗ ਹੋਈ

**ਬਲਾਚੌਰ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295,ਜ਼ਿਲ੍ਹਾ ਸ਼ਹੀਦ ਭਗਤ ਨਗਰ ਦੇ ਬਲਾਕ ਬਲਾਚੌਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਮੰਗਤ ਰਾਮ ਜੀ ਦੀ ਪਧਾਨਗੀ ਹੇਠ ਪੰਡਿਤ ਸਵੀਟ ਸ਼ਾਪ ਬਲਾਚੌਰ ਵਿਖੇ ਹੋਈ। ਅੱਜ ਦੀ ਮੀਟਿੰਗ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੀ ਗਈ। ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ ਨੇ ਪਿਛਲੀਆਂ ਗਤੀਵਿਧੀਆਂ ਤੇ ਗੱਲਬਾਤ ਕੀਤੀ। ਪ੍ਰਧਾਨ ਡਾਕਟਰ ਮੰਗਤ ਜੀ ਨੇ ਕਿਹਾ ਕਿ ਸਾਨੂੰ ਗੁਰੂਆਂ ਪੈਗੰਬਰਾਂ ਦੇ ਦੱਸੇ ਮਾਰਗ ਉੱਪਰ ਚੱਲਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ,ਅੱਗੇ ਉਨ੍ਹਾਂ ਕਿਹਾ ਕਿ ਜੱਥੇਬੰਦੀ ਨੂੰ ਹਰ ਪੱਖੋਂ ਮਜ਼ਬੂਤ ਰੱਖਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ। ਜੱਥੇਬੰਦੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਸੁਣੀਆਂ ਗਈਆਂ ਤੇ ਉਹਨਾਂ ਦਾ ਹੱਲ ਕੀਤਾ ਗਿਆ। ਸਾਰੇ ਮੈਂਬਰਾਂ ਨੂੰ ਸਾਫ ਸੁੱਥਰੀ ਪ੍ਰੈਕਟਿਸ ਕਰਨ ਲਈ ਕਿਹਾ ਤੇ ਨਸ਼ਿਆਂ ਪੜ੍ਹੀ ਜਨਤਾ ਨੂੰ ਜਾਗਰੂਕ ਕਰਨ ਲਈ



ਕਿਹਾ।ਤੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਛੇੜਛਾੜ ਕਰਨ ਤੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਆਖਿਰ ਵਿੱਚ ਚੇਅਰਮੈਨ ਡਾਕਟਰ ਰਾਮਪਾਲ ਚੀਮਾ,ਉੱਪ ਪ੍ਰਧਾਨ ਡਾਕਟਰ ਰਣਧੀਰ ਸਿੰਘ ਤੇ ਅਰਗੋਨਾਈਜ਼ਰ ਡਾਕਟਰ ਮਨਜੀਤ ਕੁਮਾਰ ਨੇ ਸਾਂਝੇ ਤੌਰ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਮਾਨਦਾਰੀ ਨਾਲ ਹਰੇਕ ਮੀਟਿੰਗ ਤੇ ਹਰੇਕ ਰੈਲੀ ਮੁਜ਼ਾਹਰੇ ਵਿੱਚ ਹਾਜਰ ਹੋਣਾ ਚਾਹੀਦਾ ਹੈ।ਇਸ ਮੌਕੇ ਪ੍ਰਧਾਨ ਡਾ. ਮੰਗਤ ਰਾਮ,ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ, ਕੈਸ਼ੀਅਰ ਡਾਕਟਰ ਸੁਰਿੰਦਰ ਕਟਾਰੀਆ,ਉੱਪ ਪ੍ਰਧਾਨ ਡਾਕਟਰ ਰਣਧੀਰ ਸਿੰਘ,ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਡਾਕਟਰ ਗੁਰਨਾਮ ਸਿੰਘ, ਚੇਅਰਮੈਨ ਡਾਕਟਰ ਰਾਮ ਪਾਲ ਚੀਮਾ, ਆਰਗੇਨਾਈਜ਼ਰ ਡਾ. ਮਨਜੀਤ ਕੁਮਾਰ, ਡਾਕਟਰ ਭੁਪਿੰਦਰ ਸਿੰਘ ਸਿਆਣ,ਡਾਕਟਰ ਸੁਰਜੀਤ ਚੀਮਾ,ਡਾਕਟਰ ਸੰਜੀਵ ਕੁਮਾਰ,ਡਾਕਟਰ ਪਵਨ ਤਾਜੋਵਾਲ ,ਡਾਕਟਰ ਅਮਜ਼ਦ ਅਲੀ ਤੇ ਡਾਕਟਰ ਦਵਿੰਦਰ ਸੈਣੀ ਹਾਜ਼ਰ ਸਨ।

# ਦਸ਼ਮੇਸ਼ ਸਪੋਰਟਸ ਕਲੱਬ ਦੋਸਾਂਝ ਖੁਰਦ ਵਲੋਂ ਵੇਟਲਿਫਟਰ ਖਿਡਾਰਨਾਂ ਸਨਮਾਨਿਤ

**ਬੰਗਾ (ਚਰਨਜੀਤ ਸੱਲ੍ਹਾ )** ਬੀਤੇ ਦਿਨੀਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੈਂਦੇ ਪਿੰਡ ਦੋਸਾਂਝ ਖੁਰਦ ਵਿਖੇ ਦਸ਼ਮੇਸ਼ ਸਪੋਰਟਸ ਕਲੱਬ ਵਲੋਂ ਹਰ ਸਾਲ ਦੀ ਤਰ੍ਹਾਂ ਸੈਵਨ ਸਾਈਡਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਨਾਮਵਰ ਪਿੰਡਾਂ ਦੀਆਂ ਟੀਮਾਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਟੂਰਨਾਮੈਂਟ ਦਾ ਫਾਈਨਲ ਮੈਚ ਪਿੰਡ ਦੋਸਾਂਝ ਖੁਰਦ ਤੇ ਪਿੰਡ ਖੋਥੜਾਂ ਵਿਚਕਾਰ ਹੋਇਆ ਜਿਸ ਵਿੱਚ ਖੋਥੜਾਂ ਦੀ ਟੀਮ ਟਾਈਬਰੇਕਰ ਜਰੀਏ ਜੇਤੂ ਰਹੀ। ਇਸ ਦੌਰਾਨ ਦਸ਼ਮੇਸ਼ ਫੁੱਟਬਾਲ ਕਲੱਬ ਵਲੋਂ ਆਪਣੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਦੀਆਂ ਉਨ੍ਹਾਂ ਵੇਟਲਿਫਟਰ ਖਿਡਾਰਨਾਂ ਦਾ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਆਪਣੇ ਭਾਰ ਵਰਗ ਵਿੱਚ ਸਕੂਲੀ ਰਾਜ ਪੱਧਰੀ ਮੁਕਾਬਲਿਆਂ ਅਤੇ ਸਰਕਾਰ ਵਲੋਂ ਹਰ ਸਾਲ ਕਰਵਾਏ ਜਾਂਦੇ ਰਾਜ ਪੱਧਰੀ ਮੁਕਾਬਲੇ ਖੇਡਾਂ ਵਤਨ ਪੰਜਾਬ ਦੀਆਂ ਵਿੱਚੋਂ ਆਪਣੇ ਜ਼ਿਲ੍ਹੇ ਲਈ ਮੈਡਲ ਹਾਸਿਲ ਕੀਤੇ ਸਨ। ਇਸ ਮੌਕੇ ਮੌਜੂਦ ਪੰਜਾਬ ਪੁਲਸ ਦੇ ਥਾਣੇਦਾਰ ਕੋਚ ਵੇਟਲਿਫਟਰ ਮਨਜੀਤ ਕੁਮਾਰ ਅਤੇ ਨੈਸ਼ਨਲ ਚੈਪੀਅਨ ਸੀਨੀਅਰ ਕੋਚ



ਜਗਦੀਸ਼ ਕੁਮਾਰ ਗੁਰੂ ਨੇ ਸਮੁੱਚੇ ਦਸ਼ਮੇਸ਼ ਸਪੋਰਟਸ ਕਲੱਬ ਅਤੇ ਗ੍ਰਾਮ ਪੰਚਾਇਤ ਦੋਸਾਂਝ ਖੁਰਦ ਦਾ ਇਸ ਸ਼ਲਾਘਾਯੋਗ ਉਪਰਾਲੇ ਲਈ ਧੰਨਵਾਦ ਕੀਤਾ। ਇਸ ਸਨਮਾਨ ਦੌਰਾਨ ਪਿੰਡ ਦੋਸਾਂਝ ਖੁਰਦ ਦੇ ਹੀ ਬੀ ਐਸ ਐਫ ਦੇ ਨੈਸ਼ਨਲ ਫੁੱਟਬਾਲ ਖਿਡਾਰੀ ਰਵਿੰਦਰ ਕੁਮਾਰ ਨੇ ਦੋਹਾਂ ਵੇਟਲਿਫਟਿੰਗ ਕੋਚ ਸਾਹਿਬਾਨਾਂ ਨੂੰ ਜੀ ਆਇਆਂ ਆਖਿਆ ਤੇ ਅੱਗੇ ਤੋਂ ਦਸ਼ਮੇਸ਼ ਸਪੋਰਟਸ ਕਲੱਬ ਵਲੋਂ ਫੁੱਟਬਾਲ ਟੂਰਨਾਮੈਂਟ ਦੌਰਾਨ ਵੇਟਲਿਫਟਿੰਗ ਖਿਡਾਰਨਾਂ ਦੀਆਂ ਸ਼ੋ ਲਿਫਟਾਂ ਲਗਵਾਉਣ ਦਾ ਵਚਨ ਦਿੱਤਾ ਤਾਂ ਜੋ ਇੰਨ੍ਹਾ ਖਿਡਾਰਨਾਂ ਵੱਲ੍ਹ ਦੇਖ ਹੋਰ ਬੱਚੀਆਂ ਦੀ ਵੀ ਖੇਡਾਂ ਪ੍ਰਤੀ ਜਾਗਰੂਕਤਾ ਵੱਧ ਸਕੇ। ਇਸ ਸਨਮਾਨ ਸਮਾਰੋਹ ਦੌਰਾਨ ਵੇਟਲਿਫਟਿੰਗ ਖੇਡ ਪ੍ਰਮੋਟਰ ਜਗਦੀਪ ਸਿੰਘ ਹੀਰ ਦਾ ਵੀ ਦਸ਼ਮੇਸ਼ ਸਪੋਟਰਸ ਕਲੱਬ ਵਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਵੇਟਲਿਫਟਰ ਖਿਡਾਰਨਾਂ ਹਰਜੀਵਨ ਕੌਰ ਹੀਰ, ਹਰਜੋਤ ਕੌਰ ਹੀਰ, ਤਰਨਪ੍ਰੀਤ ਕੌਰ ਹੀਰ, ਰਾਜਵਿੰਦਰ ਕੌਰ, ਮਨਦੀਪ ਦੋਸਾਂਝ, ਅਰਪਿਤਾ ਰਾਏ, ਗੁਰਲੀਨ ਰਾਏ, ਨੀਸ਼ਾ ਦੋਸਾਂਝ, ਪੂਜਾ ਸੁਮਨ ਹਾਜ਼ਿਰ ਸਨ। ਇਸ ਉਪਰੰਤ ਨੈਸ਼ਨਲ ਬੀ ਐਸ ਐਫ਼ ਫੁੱਟਬਾਲ ਖਿਡਾਰੀ ਰਵਿੰਦਰ ਦੋਸਾਂਝ ਨੇ ਦਵਿੰਦਰ ਦੋਸਾਂਝ, ਜਸ਼ਨ ਦੋਸਾਂਝ, ਬਾਂਕਾ ਦੋਸਾਂਝ ਕਨੇਡਾ, ਬਿੱਲੂ ਦੋਸਾਂਝ ਯੂ ਐਸ ਏ, ਹਰਪਿੰਦਰ ਦੋਸਾਂਝ, ਯੂ ਐਸ ਏ, ਜੀਤ ਪੀ ਟੀ ਯੂਕੇ ਅਤੇ ਗੁਰਿੰਦਰ ਕਨੇਡਾ ਐਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਫੁੱਟਬਾਲ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ।

# 22ਵੇਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦੇ ਕਲੱਬ ਪੱਧਰੀ ਮੁਕਾਬਲੇ ’ਚ ਯੰਗ ਫੁੱਟਬਾਲ ਕਲੱਬ ਮਾਹਿਲਪੁਰ ਜੇਤੂ

## ਪਿੰਡ ਪੱਧਰੀ ਫਾਈਨਲ ’ਚ ਧਮਾਈ ਤੇ ਕਾਲਜ ਵਰਗ ’ਚ ਖਾਲਸਾ ਕਾਲਜ ਮਾਹਿਲਪੁਰ ਅਵੱਲ

**ਗੜ੍ਹਸ਼ੰਕਰ (ਬਲਵੀਰ ਚੌਂਪੜਾ )** ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਵਲੋਂ ਖਾਲਸਾ ਕਾਲਜ ਦੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਸਟੇਡੀਅਮ ’ਚ ਕਰਵਾਇਆ ਜਾ ਰਿਹਾ 22ਵਾਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਅਮਿਟ ਛਾਪ ਛੱਡਦਿਆਂ ਸਮਾਪਤ ਹੋ ਗਿਆ। ਟੂਰਨਾਮੈਂਟ ਦਾ ਕਲੱਬ ਪੱਧਰੀ ਫਾਈਨਲ ਮੁਕਾਬਲੇ ਯੰਗ ਫੁੱਟਬਾਲ ਕਲੱਬ ਮਾਹਿਲਪੁਰ ਨੇ 3-2 ਗੋਲਾਂ ਦੇ ਫਰਕ ਨਾਲ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਨੂੰ ਹਰਾਕੇ ਜਿੱਤ ਲਿਆ। ਕਾਲਜ ਵਰਗ ਦੇ ਫਾਈਨਲ ਮੁਕ-ਾਬਲੇ ’ਚ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਪੈਨਲਿਟੀ ਕਿੱਕਾਂ ਨਾਲ 6-5 ਦੇ ਫਰਕ ਨਾਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਨੂੰ ਹਰਾਕੇ ਜੇਤੂ ਰਹੀ। ਪਿੰਡ ਪੱਧਰੀ ਫਾਈਨਲ ਮੁਕਾਬਲੇ ਵਿਚ ਧਮਾਈ ਨੇ ਸਿੰਬਲੀ ਨੂੰ 2-0 ਦੇ ਫਰਕ ਨਾਲ ਹਰਾਕੇ ਜਿੱਤ ਦਰਜ਼ ਕੀਤੀ। ਕਲੱਬ ਵਰਗ ਦੀ ਜੇਤੂ ਟੀਮ ਦਾ ਨਕਦ 1 ਲੱਖ ਇਕ ਹਜ਼ਾਰ ਰੁਪਏ ਦਾ ਇਨਾਮ ਰਾਜਵਿੰਦਰ ਦਿਆਲ ਤੇ ਰਾਜਿੰਦਰ ਦਿਆਲ ਯੂ.ਐੱਸ.ਏ. ਵਲੋਂ, ਉਪ ਜੇਤੂ ਨੂੰ 81 ਹਜ਼ਾਰ ਦਾ ਨਕਦ ਇਨਾਮ ਕੈਨੇਡਾ ਤੋਂ ਮਨਮੋਹਨ ਸਿੰਘ ਦਿਆਲ ਤੇ ਬਲਦੀਪ ਸਿੰਘ ਗਿੱਲ ਵਲੋਂ, ਕਾਲਜ ਵਰਗ ਦਾ ਜੇਤੂ ਟੀਮ 51 ਹਜ਼ਾਰ



ਰੁਪਏ ਦਾ ਨਕਦ ਇਨਾਮ ਦੋਆਬਾ ਗਰੁੱਪ ਆਫ਼ ਕਾਲਜਿਜ ਵਲੋਂ ਤੇ ਉਪ ਜੇਤੂ ਦਾ 41 ਹਜ਼ਾਰ ਰੁਪਏ ਦਾ ਨਕਦ ਇਨਾਮ ਹਰਬੰਸ ਸਿੰਘ ਸਿੱਧੂ ਯੂ.ਕੇ. ਵਲੋਂ, ਪੇਂਡੂ ਵਰਗ ਦਾ ਪਹਿਲਾ 35 ਹਜ਼ਾਰ ਰੁਪਏ ਦਾ ਨਕਦ ਇਨਾਮ ਕੁਲਵੀਰ ਸਿੰਘ ਖੱਖ ਯੂ.ਕੇ. ਵਲੋਂ ਤੇ ਦੂਜਾ 25 ਹਜ਼ਾਰ ਰੁਪਏ ਦਾ ਨਕਦ ਇਨਾਮ ਸਤਨਾਮ ਸਿੰਘ ਸੰਘਾ ਨਿਊਜ਼ੀਲੈਂਡ ਵਲੋਂ ਦਿੱਤਾ ਗਿਆ। ਟੂਰਨਾਮੈਂਟ ਦੇ ਇਨਾਮਾਂ ਦੀ ਵੰਡ ਟੂਰਨਾਮੈਂਟ ਕਮੇਟੀ ਦੇ ਸਰਪ੍ਰਸਤ ਸਾਬਕਾ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਪ੍ਰਧਾਨ ਮੁਖਤਿਆਰ ਸਿੰਘ ਹੀਰ, ਸਰਪ੍ਰਸਤ ਸੁੱਚਾ ਸਿੰਘ ਮਾਨਾ ਕੈਨੇਡਾ, ਡਾ. ਹਰਵਿੰਦਰ ਸਿੰਘ ਬਾਠ ਸੀਨੀਅਰ ਵਾਈਸ ਪ੍ਰਧਾਨ ਤੇ ਕਮੇਟੀ ਵਲੋਂ ਹਾਜ਼ਰ ਸਖਸ਼ੀਅਤਾਂ ਦੀ ਹਾਜ਼ਰੀ ਵਿਚ ਕੀਤਾ ਗਿਆ। ਸਮਾਪਤੀ ਮੌਕੇ ਕਮੇਟੀ ਪ੍ਰਧਾਨ ਮੁਖਤਿਆਰ ਸਿੰਘ ਹੀਰ ਤੇ ਕਮੇਟੀ ਵਲੋਂ ਪਹੁੰਚੀਆਂ ਸਹਿਯੋਗੀ ਸਖਸ਼ੀਅਤਾਂ ਦਾ ਯਾਦ ਚਿੰਨ੍ਹ ਨਾਲ ਸਨਮਾਨ ਕਰਦਿਆਂ ਸਭ ਦਾ ਧੰਨਵਾਦ ਕੀਤਾ। ਟੂਰਨਾਮੈਂਟ ਵਿਚ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਪ੍ਰਧਾਨ ਮੁਖਤਿਆਰ ਸਿੰਘ ਹੀਰ, ਡਾ. ਹਰਵਿੰਦਰ ਸਿੰਘ ਬਾਠ, ਸੁੱਚਾ ਸਿੰਘ ਮਾਨ ਕੈਨੇਡਾ, ਬਲਵੀਰ ਸਿੰਘ ਬੈਂਸ, ਰਾਜਿੰਦਰ ਸਿੰਘ ਸ਼ੂਕਾ, ਯੋਗ ਰਾਜ ਗੰਭੀਰ, ਰਣਜੀਤ ਸਿੰਘ ਖੱਖ, ਡਾ. ਜਰਨੈਲ ਸਿੰਘ ਰਾਏ ਯੂ.ਕੇ., ਪ੍ਰਿੰਸੀਪਲ ਡਾ. ਅਮਨਦੀਪ ਹੀਰਾ, ਸਤਨਾਮ ਸਿੰਘ ਸੰਘਾ, ਕੁਲਵੀਰ ਸਿੰਘ ਖੱਖ ਯੂ.ਕੇ, ਰਾਜਵਿੰਦਰ ਸਿੰਘ ਦਿਆਲ ਯੂ.ਐੱਸ.ਏ., ਮਨਜਿੰਦਰ ਸਿੰਘ ਦਿਆਲ ਕੈਨੇਡਾ, ਰੇਸ਼ਮ ਸਿੰਘ ਖੱਖ ਯੂ.ਐੱਸ.ਏ., ਹਰਬੰਸ ਸਿੰਘ ਸਿੱਧੂ ਯੂ.ਕੇ. ਅਜੀਤ ਸਿੰਘ ਗਿੱਲ ਯੂ.ਐੱਸ.ਏ., ਸ਼ਲਿੰਦਰ ਸਿੰਘ ਰਾਣਾ, ਕਸ਼ਮੀਰ ਸਿੰਘ ਭੱਜਲ, ਅਲਵਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਸੁਖਵਿੰਦਰ ਸਿੰਘ ਸੈਣੀ ਯੂ.ਐੱਸ.ਏ., ਰਾਜੂ ਹੀਰ, ਤਜਿੰਦਰ ਸਿੰਘ ਮਾਨ, ਪਰਮਿੰਦਰ ਸਿੰਘ ਯੂ.ਐੱਸ.ਏ., ਗੋਪਾਲ ਕ੍ਰਿਸ਼ਨ ਕੌਸ਼ਲ, ਭੁਪਿੰਦਰ ਸਿੰਘ ਸੋਡੀ ਇੰਡੀਆਨਾ, ਬਲਰਾਜ ਸਿੰਘ ਤੂਰ, ਗੁਰਮੇਲ ਸਿੰਘ ਰਿਟਾ. ਡੀ.ਐੱਸ.ਪੀ., ਅਮਰਜੀਤ ਸਿੰਘ ਪੁਰਖੋਵਾਲ, ਕਨਵਰ ਅਰੋੜਾ, ਤਰਨਵੀਰ ਬੇਦੀ, ਗੁਰਪ੍ਰੀਤ ਸਿੰਘ ਬਾਠ, ਅਮਰਿੰਦਰ ਸਿੰਘ ਭੁੱਲਰ, ਬਘੇਲ ਸਿੰਘ ਲੱਲੀਆਂ, ਪਰਮਿੰਦਰ ਸਿੰਘ ਸੁਪਰਡੈਂਟ, ਅਮਰੀਕ ਹਮਰਾਜ਼, ਬੂਟਾ ਸਿੰਘ ਪੁਰੇਵਾਲ, ਡਾ. ਕੀਮਤੀ ਲਾਲ ਤੇ ਹੋਰ ਹਾਜ਼ਰ ਹੋਏ।

for more news visit:
www.samajweekly.com

# ਸਾਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਤੋਂ ਹੀ ਬਹੁਤ ਵੱਡੀ ਸਿੱਖਿਆ ਮਿਲਦੀ ਹੈ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥



ਸਾਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਤੋਂ ਹੀ ਸਭ ਤੋ ਹੀ ਸਿੱਖਿਆ ਮਿਲਦੀ ਹੈ ਜਿਸ ਤਰ੍ਹਾਂ ਸਭ ਵਹਿਮ ਭਰਮ,ਊਚ -ਨੀਚ ਜਾਤ-ਪਾਤ, ਦਿਨ ਦੀ ਵਿਚਾਰ ਕਰਨੀ,ਜਾਤੀ ਨਫ਼ਰਤ, ਆਪਣੇ ਆਪ ਨੂੰ ਉਚਾ ਜਾਂ ਨੀਵਾਂ ਨਾ ਸਮਝਣਾ ਸਰਬੱਤ ਦਾ ਭਲਾ ਮੰਗਣ ਵਾਲੀ, ਇਨਸਾਨੀਅਤ ਦੀ ਕਦਰ ਕਰਨ ਵਾਲੀ ਅਤੇ ਸਭ ਨੂੰ ਬਰਾਬਰ ਸਮਝਣ ਵਾਲੀ ਸੋਚ ਪੈਦਾ ਕਰਦੀ ਹੈ। ਇਹ ਆਰਤੀ ਸਾਨੂੰ ਆਵਾਂ -ਗਾਉਣ ਦੇ ਚੱਕਰਾਂ ਚੋ ਬਾਹਰ ਕੱਢਦੀ ਹੈ ਅਤੇ ਇੱਕ ਰੱਬ ਨੂੰ ਧਿਆਉਂਦੀ ਹੈ। ਸਾਨੂੰ ਕਿਰਤ ਕਰਨ ਅਤੇ ਵੰਡ ਛਕਣ ਦੀ ਪ੍ਰੇਰਨਾ ਦਿੰਦੀ ਹੈ। ਸਾਨੂੰ ਸਭ ਝੂਠੇ ਆਬੰਡਾ ਤੋਂ ਛੁਟਕਾਰਾ ਦਿਵਾਉਂਦੀ ਹੈ ਅਤੇ ਸਾਦਾ ਜੀਵਨ ਜਿਊਣ ਲਈ ਸਿੱਖਿਆ ਦਿੰਦੀ ਹੈ।ਸਾਨੂੰ ਮਹਾਰਾਜ ਜੀ ਦੀ ਆਰਤੀ ਹਰੇਕ ਪਿੰਡ ਤੋਂ ਲੈਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਸਵੇਰੇ ਅਤੇ ਸ਼ਾਮ ਨੂੰ ਸੁਣਨ ਨੂੰ ਮਿਲਦੀ ਹੈ।ਪਰ ਅਸੀਂ ਉਸ ਆਰਤੀ ਤੇ ਅਸਰ ਬਹੁਤ ਘੱਟ ਕਰਦੇ ਹਾਂ ਸਿਰਫ ਪੂਜਨ ਅਤੇ ਪੜ੍ਹਨ ਤੱਕ ਹੀ ਸੀਮਤ ਰਹਿੰਦੇ ਹਾਂ। ਜਿਸ ਤਰ੍ਹਾਂ ਦੇਖ ਲਓ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਦੀਵੇ ਬੱਤੀਆਂ ਜਗਾਂ ਕੇ,ਧੂਪ ਜਗਾਂ ਕੇ, ਉਨ੍ਹਾਂ ਦੀ ਮੂਰਤੀ ਅੱਗੇ ਅਸੀਂ ਕਰਦੇ ਹਾਂ ਹੋਰ ਪਤਾਂ ਨਹੀ ਕਿੰਨੇ ਕੂ ਅਡੰਬਰ ਅਸੀਂ ਕਰਦੇ ਹਾਂ।ਪਰ ਉਨ੍ਹਾਂ ਨੇ ਤਾਂ ਇਹ ਸਭ ਕੁਝ ਖਤਮ ਕੀਤਾ ਸੀ। ਅਸੀਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਬਿਨਾਂ ਕਿਸੇ ਦੀਵੇ -ਬੱਤੀਆ ਅਤੇ ਧੂਪ ਧਖਾਉਣ, ਕੋਈ ਦਿਖਾਵੇ ਤੋਂ ਰਹਿਤ ਅਤੇ ਅਡੰਬਰਾਂ ਪਾਖੰਡਾ ਤੋਂ ਬਿਲਕੁਲ ਛੱਡ ਕੇ ਕਰਨੀ ਚਾਹੀਦੀ ਹੈ। ਸਾਨੂੰ ਉਨ੍ਹਾਂ ਦੀ ਆਰਤੀ ਤੋਂ ਇਹ ਸਿੱਖਣਾ ਚਾਹੀਦਾ ਹੈ ਕਿ ਉਹ ਇੱਕ ਤਰਕਵਾਦੀ ਇਨਕਲਾਬੀ ਅਤੇ ਕ੍ਰਾਂਤੀਕਾਰੀ ਯੋਧਾ ਹੋਏ ਹਨ ਨਾਂ ਕਿ ਪਾਖੰਡੀ ਬਾਬੇ ਉਨ੍ਹਾਂ ਦੀ ਬਾਣੀ ਇਨਸਾਨ ਦੇ ਮੂੰਹ ਤੇ ਚਪੇੜਾਂ ਮਾਰਦੀ ਹੈ ਕਿ ਜਿਹੜੇ ਉਨ੍ਹਾਂ ਦੀ ਬਾਣੀ ਨੂੰ ਮੱਥਾ ਟੇਕਣ ਤੱਕ ਸੀਮਤ ਰੱਖਦੇ ਹਨ ਅਤੇ ਲੋਕਾਂ ਨੂੰ ਗ਼ਲਤ ਰਾਸਤੇ ਪਾਉਂਦੇ ਹਨ, ਵਹਿਮ ਭਰਮ,ਊਚ -ਨੀਚ ਜਾਤ-ਪਾਤ ਅਤੇ ਪਾਖੰਡਵਾਦ ਵਿੱਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਸਗੋਂ ਉਹ ਨਾਂ ਤਾਂ ਗੁਰੂ ਰਵਿਦਾਸ ਮਹਾਰਾਜ ਜੀ ਦਾ ਲੈਂਦੇ ਹਨ ਪਰ ਕੰਮ ਉਨ੍ਹਾਂ ਦੀ ਬਾਣੀ ਤੋਂ ਉਲਟ ਕਰਦੇ ਹਨ । ਸਾਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਆਰਤੀ ਸਾਨੂੰ ਕੀ ਕਰਨ ਨੂੰ ਕਹਿੰਦੀ ਹੈ ਜਿਨ੍ਹਾਂ ਜਿਨ੍ਹਾਂ ਮਹਾਂਪੁਰਸ਼ਾਂ ਰਹਿਬਰਾਂ ਨੇ ਉਨ੍ਹਾਂ ਦੀ ਗੱਲ ਮੰਨੀ ਹੈ ਅਤੇ ਅੱਜ ਉਨ੍ਹਾਂ ਰਹਿਬਰਾਂ ਦਾ ਨਾਂ ਦੁਨੀਆਂ ਯਾਦ ਕਰਦੀ ਹੈ ਕਿਉਂਕਿ ਉਹਨਾਂ ਰਹਿਬਰਾਂ ਜੋਤੀਵਾ ਫੂਲੇ ਸਵਿੱਤਰੀ ਬਾਈ ਫੂੱਲੇ, ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਅੱਜ ਵੀ ਸਾਡੇ ਵਿੱਚ ਜਿੰਦਾ ਹਨ ਕਿਉਂਕਿ ਉਨ੍ਹਾਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਅਤੇ ਬਾਕੀ ਗੁਰਬਾਣੀ ਨੂੰ ਸਮਝਿਆ ਅਤੇ ਉਸ ਤੇ ਪਹਿਰਾ ਦਿੱਤਾ ਉਸ ਤੇ ਅਮਲ ਕੀਤਾ। ਇਸ ਲਈ ਅੱਜ ਤੋਂ ਵੀ ਅਸੀਂ ਇੱਕ ਗੱਲ ਗੁਰੂ ਰਵਿਦਾਸ ਮਹਾਰਾਜ ਜੀ ਦੀ ਮੰਨ ਲਈਏ ਅਤੇ ਉਨ੍ਹਾਂ ਦੀ ਆਰਤੀ ਨੂੰ ਆਪਣੇ ਜੀਵਨ ਵਿੱਚ ਅਪਨਾਈਏ।

**ਚਰਨਜੀਤ ਸੱਲ੍ਹਾ 81460**

# ਬੰਗਾ ਸ਼ਹਿਰ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾ )** ਅੱਜ ਬੰਗਾ ਸ਼ਹਿਰ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਜਾਇਆ ਗਿਆ। ਇਸ ਵਿੱਚ ਸੰਗਤਾਂ ਬਹੁਤ ਭਾਰੀ ਗਿਣਤੀ ਵਿੱਚ ਸ਼ਾਮਲ ਹੋਈਆਂ । ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਚੌਂਕਾ ਵਿੱਚ ਦੀ ਹੁੰਦਾ ਹੋਇਆ ਅੱਜ ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਸਮਾਪਤ ਹੋਇਆ ਜਿਸ ਵਿੱਚ ਕੀਰਤਨ ਕਰਦੀਆਂ ਹੋਈਆਂ ਸੰਗਤਾਂ ਨੇ ਪ੍ਰਕਰਮਾ ਬੰਗਾ ਸ਼ਹਿਰ ਦੇ ਆਲੇ ਦੁਆਲੇ ਕੀਤੀ। ਇਸ ਨਗਰ ਕੀਰਤਨ ਜਿਥੇ ਵੱਖ ਵੱਖ ਧਾਰਮਿਕ, ਸਮਾਜਿਕ ਜੱਥੇਬੰਦੀਆਂ ਸ਼ਾਮਲ ਹੋਈਆਂ ਉਥੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਕਾਂਗਰਸ, ਬਸਪਾ ਅਤੇ ਆਪ ਦੇ ਆਗੂ ਸ਼ਾਮਲ ਹੋਏ ਜਿਨ੍ਹਾਂ ਵਿੱਚ ਪ੍ਰਵੀਨ ਬੰਗਾ ਬਸਪਾ ਆਗੂ, ਹਰਮੇਸ਼ ਵਿਰਦੀ ਜਨਰਲ ਸਕੱਤਰ ਬਸਪਾ ਬੰਗਾ, ਤਰਲੋਚਨ ਸਿੰਘ ਸਾਬਕਾ ਐਮ ਐਲ ਏ ਹਲਕਾ ਬੰਗਾ, ਕੁਲਜੀਤ ਸਿੰਘ ਸਰਹਾਲ ਇੰਚਾਰਜ ਹਲਕਾ ਬੰਗਾ, ਹਰਜੋਤ ਲੋਹਟੀਆ ਆਪ ਦੀ ਆਗੂ, ਭਾਟੀਆ ਸਾਹਿਬ ਐਮ ਸੀ,ਪਾਲੋ ਐਮ ਸੀ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਬੰਗਾ, ਡੋਗਰ ਰਾਮ ਜਿਲਾ ਪ੍ਰਧਾਨ ਡਾ ਅੰਬੇਡਕਰ ਸੈਨਾ ਮੂਲ ਨਿਵਾਸੀ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਨਜ਼ਰ ਆ ਰਿਹਾ ਸੀ।








# ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਸੰਬੰਧੀ

## ਹੁਸ਼ਿਆਰਪੁਰ 'ਚ ਵਿਸ਼ਾਲ ਨਗਰ ਕੀਰਤਨ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੰਨ

## ਬੇਗਮਪੁਰਾ ਟਾਈਗਰ ਫੋਰਸ ਤੋਂ ਚੇਅਰਮੈਨ ਤਰਸੇਮ ਦੀਵਾਨਾ,ਨੇਕੂ ਅਜਨੋਹਾ, ਹੈਪੀ ਫਤਿਹਗੜ੍ਹ,ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ!

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਸੰਬੰਧੀ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਗਰ ਕੀਰਤਨ ਪ੍ਰਬੰਧਕ ਕਮੇਟੀ ਵੱਲੋਂ ਜ਼ਿਲੇ ਭਰ ਦੀਆਂ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਸ਼ਹਿਰ ਵਿੱਚ ਮਹਾਨ ਨਗਰ ਕੀਰਤਨ ਇੰਜ. ਜਗਦੀਸ਼ ਲਾਲ ਬੱਧਣ ਸੇਵਾ ਮੁਕਤ ਐਕਸੀਅਨ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ,ਪ੍ਰਧਾਨ ਬਲਵੀਰ ਸਿੰਘ ਹੀਰ, ਠੇਕੇਦਾਰ ਭਗਵਾਨ ਦਾਸ ਬੱਧਣ ਦੀ ਦੇਖ-ਰੇਖ ਹੇਠ ਸਜਾਇਆ ਗਿਆ।ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਤੋਂ ਆਰੰਭ ਹੋਇਆ ਕਈ ਕਿਲੋਮੀਟਰ ਲੰਬਾ ਇਹ ਮਹਾਨ ਨਗਰ ਕੀਰਤਨ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਂਕ, ਮਹਾਰਾਣਾ ਪ੍ਰਤਾਪ ਪ੍ਰਭਾਤ ਚੋਂਕ,ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਕਮਾਲਪੁਰ,ਡਾ.ਅੰਬੇਦਕਰ ਚੌਂਕ, ਕਮਾਲਪੁਰ ਚੌਂਕ,ਫਗਵਾੜਾ ਰੋਡ,ਸਰਕਾਰੀ ਕਾਲਜ ਚੌਂਕ,ਸੁਤਿਹਰੀ ਰੋਡ,ਸ਼ੈਸ਼ਨ ਚੌਂਕ,ਰੇਲਵੇ ਰੋਡ,ਘੰਟਾ ਘਰ ਚੌਂਕ,ਭਗਵਾਨ ਬਾਲਮੀਕ ਚੌਂਕ ਤੋਂ ਹੁੰਦਾ ਹੋਇਆ ਕਮਾਲਪੁਰ ਚੌਂਕ ਵਿਖੇ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੰਨ ਹੋ ਗਿਆ।ਜੁੱਗੋ-ਜੁੱਗ ਅਟੱਲ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਅਤਿਅੰਤ ਹੀ ਖੂਬਸੂਰਤੀ ਨਾਲ ਸਜਾਏ ਹੋਏ ਗੁਰਦੁਆਰਾ ਟਿੱਬਾ ਸਾਹਿਬ ਤੋਂ ਆਏ ਪਾਲਕੀ ਸਾਹਿਬ ਵਾਹਨ ਵਿੱਚ ਸ਼ੁਸ਼ੋਭਿਤ ਸੀ।ਇਸ ਤੋਂ ਪਿੱਛੇ ਵੱਖ-ਵੱਖ ਵਾਹਨਾਂ ਵਿੱਚ ਸਵਾਰ ਸੰਗਤਾਂ ਨਾਮ ਬਾਣੀ ਦਾ ਕੀਰਤਨ ਕਰਦੀਆਂ ਚੱਲ ਰਹੀਆਂ ਸਨ ਅਤੇ ਨਗਰ ਕੀਰਤਨ ਵਿੱਚ ਧਾਰਮਿਕ ਝਾਕੀਆਂ ਸੰਗਤਾਂ ਨੂੰ ਆਕਰਸ਼ਿਤ ਕਰ ਰਹੀਆਂ ਸਨ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਜ਼ਿਲੇ ਭਰ ਤੋਂ ਸੰਗਤਾਂ ਆਪੋ ਆਪਣੇ ਵਾਹਨਾਂ ਟਰੈਕਟਰਾਂ ਟਰਾਲੀਆਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਮਹਿਮਾ ਦਾ ਗਾਇਨ ਕਰਦੀਆਂ ਹੋਈਆਂ ਸ਼ਾਮਿਲ ਹੋਈਆਂ।ਸੰਮੂਹ ਸ਼੍ਰੀ ਗਰੂ ਰਵਿਦਾਸ ਸਭਾ ਸੁਸਾਇਟੀਆਂ,ਭਗਵਾਨ ਵਾਲਮੀਕ ਸਭਾਵਾਂ,ਧਾਰਮਿਕ ਤੇ ਸਮਾਜਿਕ ਸਭਾ ਸੁਸਾਇਟੀਆਂ,ਡਾ.ਅੰਬੇਡਕਰ ਫੋਰਸ ਪੰਜਾਬ,ਡਾ. ਅੰਬੇਡਕਰ ਮਿਸ਼ਨ ਐਂਡ ਵੈਲਫੇਅਰ ਸੁਸਾਇਟੀ ਸਭਾਵਾਂ,ਬਹੁਜਨ ਸਟੂਡੈਂਟ ਫਰੰਟ ਹੁਸ਼ਿਆਰਪੁਰ,ਸਿੱਖ ਮੁਸਲਿਮ ਦਲਿਤ ਫਰੰਟ, ਕ੍ਰਿਸ਼ਚਨ ਨੈਸ਼ਨਲ ਫਰੰਟ,ਸ਼੍ਰੀ ਗੁਰੂ ਰਵਿਦਾਸ ਫੋਰਸ ਪੰਜਾਬ,,ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ,ਸੱਚ ਫਾਊਂਡੇਸ਼ਨ ਤੇ ਹੋਰ ਜਥੇਬੰਦੀਆਂ ਨੇ ਇਸ ਨਗਰ ਕੀਰਤਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਸੁੰਦਰ ਸ਼ਾਮ ਅਰੋੜਾ ਸਾਬਕਾ ਕੈਬਨਿਟ ਮੰਤਰੀ ਪੰਜਾਬ,ਡਾ.ਰਾਜ ਕੁਮਾਰ ਵਿਧਾਇਕ ਚੱਬੇਵਾਲ, ਵਿਜੇ ਸਾਂਪਲਾ ਸਾਬਕਾ ਕੇਂਦਰੀ ਮੰਤਰੀ,ਸ਼ਿਵ ਕੁਮਾਰ ਸੂਦ,ਡਾ,ਡਾ.ਐੱਸ.ਕੇ.ਹੀਰਾ,ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਦੇ ਪ੍ਰਧਾਨ ਜਗਦੀਸ਼ ਲਾਲ ਬੱਧਣ ਅਤੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ,ਪ੍ਰਸ਼ੋਤਮ ਅਹੀਰ,ਸੰਜੀਵ ਤਲਵਾੜ ਸੀਨੀਅਰ ਅਕਾਲੀ ਆਗੂ, ਬੇਗਮਪੁਰਾ ਟਾਈਗਰ ਫੋਰਸ ਤੋਂ ਚੇਅਰਮੈਨ ਤਰਸੇਮ ਦੀਵਾਨਾ,ਹੈਪੀ ਫਤਹਿਗੜ ਜ਼ਿਲ੍ਹਾ ਬੇਗਮਪੁਰਾ ਟਾਈਗਰ ਫੋਰਸ , ਦੁਆਬਾ ਪ੍ਰਧਾਨ ਨੇਕੂ ਅਜਨੋਹਾ ਬੇਗਮਪੁਰਾ ਟਾਈਗਰ ਫੋਰਸ, ਐੱਸ.ਕੇ.ਹੀਰਾ,ਮਨੋਜ ਕੈਨੇਡੀ,ਪਿਆਰਾ ਸਿੰਘ ਬੱਧਣ,ਬਲਵਿੰਦਰ ਕੁਮਾਰ ਬਿੰਦੀ,ਐਡਵੋਕੇਟ ਡੀ.ਐੱਸ.ਬਾਗੀ,ਪ੍ਰੇਮ ਸਿੰਘ ਖਾਨਪੁਰ ਥਿਆੜਾ,ਰਾਮ ਜੀ ਦਾਸ,ਪਿਆਰਾ ਸਿੰਘ ਬੱਧਣ,ਬਿਧੀ ਚੰਦ ਬੱਧਣ,ਪ੍ਰੇਮ ਸਿੰਘ ਸਪੋਰਟਸ ਅਫਸਰ, ਸਤੀਸ਼ ਖਾਨਪੁਰੀ,ਡਾ.ਸੁਰਿੰਦਰ ਸਿੰਘ ਦਰਦੀ, ਦਵਿੰਦਰ ਸਰੋਆ,ਇੰਜ. ਤੇਜ ਰਾਮ,ਮਹਿੰਦਰ ਸਿੰਘ ਹੀਰ ਪ੍ਰਧਾਨ ਦਲਿਤ ਸਵੈਮਾਣ ਸੰਘਰਸ਼ ਸੰਮਤੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ ।



**ਫੋਟੋ ਅਜਮੇਰ ਦੀਵਾਨਾ**

## ਫੱਗਣ ਦੀ ਸੰਗਰਾਂਦ

ਫੱਗਣ ਦਾ ਮਹੀਨਾ ਆ ਗਿਆ ,
ਹੋਊ ਮੌਸਮ ਖ਼ੁਸ਼ - ਗਵਾਰ ।
ਨਾ ਗਰਮੀ ਨਾ ਸਰਦੀ ਰਹਿਣੀ ,
ਖੇਤਾਂ ਵਿੱਚ ਖਿੜੂ ਬਹਾਰ ।
ਤਰ੍ਹਾਂ ਤਰ੍ਹਾਂ ਦੇ ਫੁੱਲ ਖਿੜਨਗੇ ,
ਖ਼ੂਨ 'ਚ ਆਊ ਤਬਦੀਲੀ ;
ਮੱਲੋ ਮੱਲੀ ਦਿਲਾਂ 'ਚੋਂ ਉਮੜੂ ,
ਖ਼ੁਸ਼ੀਆਂ ਦੇ ਨਾਲ਼ ਪਿਆਰ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।**
9914836037



## ਸਿਆਣਾ ਕਾਂ

ਇੱਕ ਸਿਆਣਾ ਕਾਂ ਜੀ,
ਮਰ ਗਈ ਉਹਦੀ ਮਾਂ ਜੀ,
ਆਪਣਾ ਆਲ੍ਹਣਾ ਢਾਹ ਬੈਠਾ,
ਤੇ.. ਡੁੱਬਣ ਨੂੰ ਨਾ ਥਾਂ ਜੀ ।

ਸਾਡਾ ਭੰਡ ਸਿਹੁੰ ਚੇਲਾ ਜੀ,
ਬਣਿਆ ਉਹਦਾ ਲੇਲਾ ਜੀ,
ਕਾਂ ਨੂੰ ਕੁਝ ਨਾ ਖਰਚਣ ਦੇਵੇ
ਪੰਜਾਬ ਦਾ ਧੇਲਾ ਧੇਲਾ ਜੀ।

ਡੁੱਬ ਗਈ ਹੈ ਲੁਟੀਆ ਜੀ,
ਖੁੱਲ੍ਹ ਗਈ ਹੈ ਚੁਟੀਆ ਜੀ,
ਫ਼ਿਰਨ ਬੌਂਦਲ਼ੇ ਗੁਰੂ ਤੇ ਚੇਲਾ,
ਕਰਨੀ ਹੈ ਖਾਲੀ ਕੁਟੀਆ ਜੀ।

ਆਪਣਾ ਘਰ ਬਚਾਅ ਭੰਤੇ,
ਹੋਰ ਨਾ ਲੂਤੀ ਲਾਅ ਭੰਤੇ,
ਲੋਕੀ ਭੈੜੇ ਯਾਦ ਨੇ ਰੱਖਦੇ,
ਆਪਣੇ ਵਚਨ ਪੁਗਾਅ ਭੰਤੇ।



**ਸ਼ਿੰਦਾ ਬਾਈ**

## ਉਮੀਦ

ਜਦੋ ਕੋਈ ਆਪਣਾ
ਤੁਹਾਡੇ ਰਾਹਾਂ ਚ' ਖੜ੍ਹ ਜਾਏ
ਅੱਗੇ ਵੱਧਣ ਨਹੀ ਦੇਣਾ
ਕੰਧ ਉਚੇਰੀ ਬਣ ਜਾਏ
ਉਦੋਂ ਵੱਡੀਆਂ ਮੰਜ਼ਿਲਾਂ
ਦੇ ਲੰਮੇ ਪੈਂਡਿਆ ਨੂੰ
ਸਰ ਕਰਨਾ ਔਖਾ ਤਾਂ ਹੁੰਦਾ
ਪਰ ਨਾ ਮੁਮਕਿਨ ਨਹੀਂ
- - - - -
ਜਦੋ ਤੁਸੀ ਅੰਬਰੀ ਤਾ
ਨਹੀ ਉੱਡਣਾ ਚਾਹੁੰਦੇ
ਪਰ ਆਪਣੇ ਖੰਬਾਂ ਤੋ ਹੋ
ਫੜਫੜਾਉਣਾਂ ਚਾਹੁੰਦੇ
ਕੋਈ ਆਪਣਾ ਤੁਹਾਨੂੰ
ਪਿੰਜਰੇ ਪਾਉਣਾ ਚਾਹਵੇ
ਉਦੋ ਉੱਡਣਾ ਔਖਾ ਤਾਂ ਹੁੰਦਾ
ਪਰ ਨਾ ਮੁਮਕਿਨ ਨਹੀਂ
- - - - -
ਜਦੋ ਤੁਸੀ ਸਮੁੰਦਰ ਦੀ
ਗਹਿਰਾਈ 'ਚ ਉਤਰਨਾ ਚਾਹੋ
ਜਦੋ ਤੁਸੀ ਆਪੇ ਵਿੱਚ
ਖੁੱਭ ਜਾਣਾ ਚਾਹੋ
ਕੋਈ ਆਪਣਾ ਤੁਹਾਡੇ
ਲਈ ਜਾਲ ਵਿਛਾਉਂਦਾਂ
ਉਦੋ ਤੈਰਨਾ ਔਖਾ ਤਾਂ ਹੁੰਦਾ
ਪਰ ਨਾ ਮੁਮਕਿਨ ਨਹੀਂ
- - - - - -
ਜਦੋ ਇਕ ਕਮਰਾ ਹੀ
ਤੁਹਾਡੀ ਜਿੰਦਗੀ ਹੋਵੇ
ਜਦੋ ਇੱਕ ਕਿਤਾਬ ਹੀ
ਤੁਹਾਡੀ ਬੰਦਗੀ ਹੋਵੇ
ਜਦੋ ਖਾਮੋਸ਼ੀ ਸੰਗ ਹੋਵੇ
ਛੱਤ ਤੇ ਬੈਠ ਚਿੜੀਆਂ ਨਾਲ
ਚਹਿਕਣਾ ਔਖਾ ਤਾ ਹੁੰਦਾ
ਪਰ ਨਾ ਮੁਮਕਿਨ ਨਹੀਂ




**ਦਿਲਪ੍ਰੀਤ ਕੌਰ ਗੁਰੀ**

## ਸੱਪਾਂ ਦੇ ਜਠੇਰੇ/ਵਡੇਰੇ

ਸੱਪਾਂ ਦੇ ਵੀ ਸੱਜਣਾਂ ਜਠੇਰੇ ਜਾਂ ਵਡੇਰੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
'ਉੱਗਦਾ ਨਾ ਘਾਹ' ਜਿੱਥੇ ਲਾ ਲੈਂਦੇ ਡੇਰੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਇੱਛਾਧਾਰੀ ਵਾਂਗ ਰਹਿੰਦੇ ਬਦਲਦੇ ਚਿਹਰੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਜਿੱਥੇ ਵੱਡਾ ਲੱਡੂ ਹੁੰਦੇ ਉਹਦੇ ਜਿਆਦਾ ਨੇੜੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਮਾਹਿਰ ਹੁੰਦੇ ਝੂਠ ਦੀ ਸਵਾਰੀ ਬਥੇਰੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਸੱਚ ਕਹਿਣ ਲਈ ਪਰ ਰੱਖਦੇ ਨਾ ਜੇਰੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਮੁੱਕਦੇ ਨਾ ਛੇਤੀ ਪਾਉਂਦੇ ਇਹ ਜੋ ਬਖੇੜੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਪੈਂਦੀਆਂ 'ਚ ਪਰ ਦਿੱਸਦੇ ਨਾ ਨੇੜੇ-ਤੇੜੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।
ਘੜਾਮੇਂ ਵਾਲ਼ੇ ਰੋਮੀ ਅੱਜ ਚੂੰਢੀ ਵੱਢ ਛੇੜੇ ਨੇ।
ਤੇਰੇ ਮੂੰਹ 'ਤੇ ਤੇਰੇ ਨੇ ਜੋ ਮੇਰੇ ਮੂੰਹ' ਤੇ ਮੇਰੇ ਨੇ।



**ਰੋਮੀ ਘੜਾਮਾਂ।**
**9855281105 (ਵਟਸਪ ਨੰ.).**



# "ਇਹ ਅਕਾਸ਼ਵਾਣੀ ਹੈ"

ਇਹ ਅਕਾਸ਼ਵਾਣੀ ਹੈ ਦਿਨ ਦੇ ਦੋ ਵਜ ਕੇ ਤੀਹ ਮਿੰਟ ਹੋ ਚੁੱਕੇ ਹਨ ਹੁਣ ਤੁਸੀਂ ਪੰਜਾਬੀ ਵਿੱਚ ਖਬਰਾਂ ਸੁਣੋਗੇ ਜੀ ਹਾਂ ਜਦੋਂ ਵੀ ਅਸੀਂ ਅਪਣਾ ਰੇਡੀਓ ਸੈਟ ਚਾਲੂ ਕਰਦੇ ਹਾਂ ਤਾਂ ਕੁਝ ਇਸ ਤਰ੍ਹਾਂ ਦੀਆਂ ਅਵਾਜ਼ਾਂ ਸੁਣਨ ਨੂੰ ਮਿਲਦੀਆਂ ਹਨ। ਛੋਟੇ ਹੁੰਦੇ ਬਹੁਤ ਹੈਰਾਨ ਹੁੰਦੇ ਸਾਂ ਕਿ ਆਖਿਰ ਰੇਡੀਓ ਸੈਟ ਵਿੱਚੋ ਇਹ ਅਵਾਜ਼ਾਂ ਕਿਵੇਂ ਨਿਕਲਦੀਆਂ ਹਨ। ਕੋਈ ਵਕਤ ਸੀ ਜਦੋਂ ਪਿੰਡ ਵਿੱਚ ਕਿਸੇ ਇੱਕ ਜਾਂ ਦੋ ਘਰ ਵਿੱਚ ਹੀ ਰੇਡੀਓ ਸੈੱਟ ਹੁੰਦਾ ਸੀ ਜਾਂ ਫਿਰ ਪਿੰਡ ਪੰਚਾਇਤ ਕੋਲ ਸਾਂਝਾ ਰੇਡੀਓ ਹੁੰਦਾ ਸੀ ਜਿਸ ਨੂੰ ਇੱਕ ਸਾਝੀਂ ਥਾਂ 'ਤੇ ਲਗਾਇਆ ਜਾਂਦਾ ਸੀ ਅਤੇ ਸਾਰਾ ਪਿੰਡ ਸੁਣਦਾ ਸੀ। 1965 ਅਤੇ 1971 ਦੀਆਂ ਭਾਰਤ-ਪਾਕਿ ਜੰਗਾਂ ਸਮੇਂ ਭਾਰਤੀ ਰੇਡੀਓ ਨੇ ਆਮ ਲੋਕਾਂ ਲਈ ਇੱਕ ਬਹੁਤ ਮੱਹਤਵਪੂਰਨ ਭੂਮਿਕਾ ਅਦਾ ਕੀਤੀ ਸੀ। ਕੇਵਲ ਖ਼ਬਰਾਂ ਜਾਂ ਸੂਚਨਾਵਾਂ ਹੀ ਨਹੀਂ, ਰੇਡੀਓ ਮਨੋਰੰਜਨ ਦਾ ਵੀ ਵੱਡਾ ਸਾਧਨ ਹੈ। ਬਹੁਤ ਸਾਰੇ ਲੇਖਕਾਂ, ਗਾਇਕਾਂ ਅਤੇ ਲੋਕ ਕਲਾਵਾਂ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਉਣ ਲਈ ਰੇਡੀਓ ਨੇ ਇੱਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਪੂਰੀ ਦੁਨੀਆਂ ਵਿੱਚ ਹਰ ਸਾਲ 13 ਫਰਵਰੀ ਨੂੰ ਰੇਡੀਓ ਦਿਵਸ ਮਨਾਇਆ ਜਾਂਦਾ ਹੈ ਕਿਉਂਕਿ ਇਸ ਦਿਨ ਹੀ 1946 ਈਸਵੀ ਵਿੱਚ ਸਯੁੰਕਤ ਰਾਸ਼ਟਰ ਸੰਘ ਦੇ ਰੇਡੀਓ ਸਟੇਸ਼ਨ ਦੀ ਸਥਾਪਨਾ ਹੋਈ ਸੀ। ਯੂਨੇਸਕੋ ਦੀ ਆਮ ਸਭਾ ਦੇ ਵਿੱਚ 3 ਨਵੰਬਰ 2011 ਨੂੰ ਇੱਕ ਮਤਾ ਪਾਸ ਕਰਕੇ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ 13 ਫਰਵਰੀ ਸਾਲ 2012 ਤੋਂ ਹੋਈ। ਇਹ ਅਕਾਸ਼ਵਾਣੀ ਹੈ' ਉਦੋਂ ਸੁਣਾਈ ਦਿੰਦਾ ਹੈ ਜਦੋਂ ਅਸੀਂ ਰੇਡੀਓ 'ਤੇ ਕੋਈ ਪ੍ਰੋਗਰਾਮ ਸੁਣਨ ਲਈ ਇਸ ਨੂੰ ਚਾਲੂ ਕਰਦੇ ਹਾਂ। ਰੇਡੀਓ ਸ਼ਬਦ ਅਸਲ 'ਚ ਰੇਡੀਅਸ ਨਾਂ ਦੇ ਲਾਤੀਨੀ ਸ਼ਬਦ ਤੋਂ ਬਣਿਆ ਜਿਸ ਦਾ ਅਰਥ ਹੈ ਤਰੰਗਾਂ। ਜੇਮਜ਼ ਕਲਾਰਕ ਮੈਕਸਵੈਲ ਅਤੇ ਮਾਈਕਲ ਫੈਰਾਡੇ ਸਾਇੰਸਦਾਨਾਂ ਨੇ ਬਿਜਲੀ ਚੁੰਬਕੀ ਤਰੰਗਾਂ ਦੀ ਖੋਜ ਕੀਤੀ। ਇਨ੍ਹਾਂ ਤਰੰਗਾਂ ਦੇ ਆਧਾਰ 'ਤੇ ਇਟਲੀ ਦੇ ਗੁਗਲੀਏਲਮੋ ਮਾਰਕੋਨੀ ਨੇ 1901 ਵਿੱਚ ਰੇਡੀਓ ਦੀ ਖੋਜ ਕੀਤੀ। ਰੇਡੀਓ ਤਰੰਗਾਂ ਰਾਹੀਂ ਇਲੈਕਟ੍ਰੋਮੈਗਨੈਟਿਕ ਊਰਜਾ ਪ੍ਰਸਾਰਿਤ ਅਤੇ ਪ੍ਰਾਪਤ ਕਰਦੇ ਹਨ। ਰੇਡੀਓ ਸਿਗਨਲ ਇਲੈਕਟ੍ਰਾਨਿਕ ਕਰੰਟ ਹੁੰਦੇ ਹਨ ਜੋ ਪ੍ਰਕਾਸ਼ ਦੀ ਗਤੀ ਨਾਲ ਹਵਾ ਰਾਹੀਂ ਯਾਤਰਾ ਕਰਦੇ ਹਨ। ਸਿਗਨਲ ਇੱਕ ਟ੍ਰਾਂਸਮੀਟਰ ਤੋਂ ਇੱਕ ਐਂਟੀਨਾ ਦੁਆਰਾ ਤੁਹਾਡੇ ਰੇਡੀਓ ਵਿੱਚ ਇੱਕ ਰਿਸੀਵਰ ਨਾਲ ਜੁੜੇ ਇੱਕ ਹੋਰ ਐਂਟੀਨਾ ਵਿੱਚ ਬਾਹਰ ਨਿਕਲਦੇ ਹਨ। ਇੱਕ ਵਾਰ ਜਦੋਂ ਤੁਹਾਡਾ ਰੇਡੀਓ ਇਹਨਾਂ ਤਰੰਗਾਂ ਨੂੰ ਪ੍ਰਾਪਤ ਕਰਦਾ ਹੈ, ਤਾਂ ਇਹ ਉਹਨਾਂ ਨੂੰ ਆਪਣੇ ਸਪੀਕਰਾਂ ਰਾਹੀਂ ਉਹਨਾਂ ਅਵਾਜ਼ ਤਰੰਗਾਂ ਵਿੱਚ ਅਨੁਵਾਦ ਕਰਦਾ ਹੈ ਜੋ ਤੁਹਾਡੇ ਮਨੁੱਖੀ ਕੰਨ ਸਮਝ ਸਕਦੇ ਹਨ। ਸਰਲ ਭਾਸ਼ਾ ਵਿੱਚ ਕਹਿ ਸਕਦੇ ਹਾਂ ਕਿ ਰੇਡੀਓ ਸਟੇਸ਼ਨ ਤੇ ਲੱਗੇ ਟਰਾਂਸਮੀਟਰ ਅਵਾਜ਼ ਤਰੰਗਾਂ ਨੂੰ ਬਿਜਲੀ ਤਰੰਗਾਂ ਵਿੱਚ ਬਦਲ ਕੇ ਅਕਾਸ਼ ਵਿੱਚ ਛੱਡਦੇ ਹਨ ਅਤੇ ਦੂਜੇ ਪਾਸੇ ਰੇਡੀਓ ਸੈਟ ਵਿਚ ਲੱਗੇ ਰਿਸੀਵਰ ਇਨ੍ਹਾਂ ਬਿਜਲੀ ਤਰੰਗਾਂ ਨੂੰ ਫਿਰ ਤੋਂ ਅਵਾਜ਼ ਤਰੰਗਾਂ ਵਿੱਚ ਬਦਲ ਦਿੰਦੇ ਹਨ। ਟੈਲੀਫੋਨ, ਮੋਬਾਈਲ ਅਤੇ ਟੀਵੀ ਆਦਿ ਇਸੇ ਸਿਧਾਂਤ ਤੇ ਕੰਮ ਕਰਦੇ ਹਨ। ਸ਼ੁਰੂ ਸ਼ੁਰੂ ਵਿੱਚ ਰੇਡੀਓ ਨੂੰ ਸਮੁੰਦਰੀ ਜਹਾਜ਼ਾਂ ਤਕ ਸੁਨੇਹਾ ਭੇਜਣ ਦੇ ਨਾਲ ਨਾਲ ਰਾਜਨੀਤਕ ਤੇ ਫੌਜੀ ਸੂਚਨਾਵਾਂ ਆਦਿ ਦੇਣ ਲਈ ਵਰਤਿਆ ਜਾਂਦਾ ਸੀ। ਬਾਅਦ ਵਿੱਚ ਰੇਡੀਓ ਆਮ ਜਨਤਾ ਲਈ ਖਬਰਾਂ ਅਤੇ ਮਨੋਰੰਜਨ ਦਾ ਸਾਧਨ ਬਣ ਗਿਆ। ਕੋਈ ਵਕਤ ਸੀ ਜਦੋਂ ਰੇਡੀਓ ਸੈੱਟ ਖਰੀਦਣ ਲਈ ਲਾਇਸੈਂਸ ਫੀਸ ਦੇਣੀ ਪੈਂਦੀ ਸੀ। ਅੱਜ-ਕੱਲ੍ਹ ਦੁਨੀਆਂ ਵਿੱਚ ਸਵਾ ਲੱਖ ਤੋਂ ਵੱਧ ਸਰਗਰਮ ਰੇਡੀਓ ਸਟੇਸ਼ਨ ਹਨ ਜਿਨ੍ਹਾਂ ਵਿੱਚ ਜਨਤਕ ਤੋਂ ਇਲਾਵਾ ਨਿੱਜੀ ਰੇਡੀਓ ਸਟੇਸ਼ਨ ਵੀ ਸ਼ਾਮਿਲ ਹਨ। ਸਾਡੇ ਦੇਸ਼ ਵਿੱਚ 1923-24 'ਚ ਪਹਿਲੀ ਵਾਰ ਰੇਡੀਓ ਦਾ ਪ੍ਰਸਾਰਨ ਮੁੰਬਈ ਤੋਂ ਹੋਇਆ। 1929 ਨੂੰ ਭਾਰਤੀ ਸਟੇਟ ਪ੍ਰਸਾਰਣ ਸਰਵਿਸ ਦੀ ਸਥਾਪਨਾ ਕੀਤੀ ਗਈ। 1936 ਵਿੱਚ ਇਸ ਦਾ ਨਾਂ ਆਲ ਇੰਡੀਆ ਰੇਡੀਓ (ਏ.ਆਈ.ਆਰ.) ਰੱਖਿਆ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਨੂੰ ਆਕਾਸ਼ਵਾਣੀ ਦਾ ਨਾਂ ਦਿੱਤਾ ਗਿਆ। ਉਸ ਵਕਤ ਰੇਡੀਓ ਦੀ ਆਮਦ ਨਾਲ ਦੁਨੀਆਂ ਵਿੱਚ ਤਹਿਲਕਾ ਮਚ ਗਿਆ ਸੀ। ਭਾਰਤ ਵਰਗੇ ਦੇਸ਼ ਦੇ ਲੋਕਾਂ ਲਈ ਰੇਡੀਓ ਕਿਸੇ ਜਾਦੂ ਵਾਂਗ ਸੀ। ਰੇਡੀਓ ਦੀ ਆਮਦ ਨੇ ਟੇਪ ਰਿਕਾਰਡਰ ਅਤੇ ਟੈਲੀਵਿਜ਼ਨ ਆਦਿ ਜਿਹੀਆਂ ਹੋਰ ਬਹੁਤ ਸਾਰੀਆਂ ਖੋਜਾਂ ਲਈ ਪ੍ਰੇਰਕ ਦਾ ਕੰਮ ਕੀਤਾ। ਟੈਲੀਵਿਜ਼ਨ ਦੀ



ਕਾਢ ਨਾਲ ਇੱਕ ਵਾਰ ਸ਼ੱਕ ਪੈਦਾ ਹੋ ਗਿਆ ਸੀ ਕਿ ਹੁਣ ਸ਼ਾਇਦ ਰੇਡੀਓ ਦੇ ਦਿਨ ਖ਼ਤਮ ਹੋ ਜਾਣਗੇ, ਪਰ ਰੇਡੀਓ ਦੀ ਸਰਦਾਰੀ ਨੂੰ ਟੈਲੀਵਿਜ਼ਨ ਤਾਂ ਕੀ, ਬਾਅਦ ਵਿੱਚ ਆਏ ਵੀ.ਸੀ.ਆਰ ਤੇ ਹੋਰ ਸਾਧਨ ਵੀ ਪ੍ਰਭਾਵਿਤ ਨਹੀਂ ਕਰ ਪਾਏ। ਅੱਜ ਭਾਵੇਂ ਇੰਟਰਨੈੱਟ ਅਤੇ ਹੋਰ ਕਈ ਤਰ੍ਹਾਂ ਦਾ ਮੀਡੀਆ ਲੋਕਾਂ ਵਿੱਚ ਆ ਚੁੱਕਾ ਹੈ ਪਰ ਇਸ ਦੇ ਬਾਵਜੂਦ ਰੇਡੀਓ ਦੀ ਪ੍ਰਸੰਗਿਕਤਾ ਬਰਕਰਾਰ ਹੈ। ਦੂਰ-ਦਰਾਜ਼ ਦੇ ਅਵਿਕਸਿਤ ਪਿੰਡਾਂ ਦੇ ਲੋਕਾਂ ਨੂੰ ਰੇਡੀਓ ਹੀ ਜਾਣਕਾਰੀ ਅਤੇ ਮਨੋਰੰਜਨ ਦੇ ਰਿਹਾ ਹੈ। ਵਿਦੇਸ਼ਾਂ ਵਿੱਚ ਤਾਂ ਰੇਡੀਓ, ਟਰੱਕ ਤੇ ਮੋਟਰ ਚਾਲਕਾਂ ਨੂੰ ਮੌਸਮੀ ਤਬਦੀਲੀਆਂ ਜਾਂ ਰਾਹ ਵਿੱਚ ਉਤਪੰਨ ਅੜਿੱਕਿਆਂ ਬਾਰੇ ਮੁੱਢਲੀ ਜਾਣਕਾਰੀ ਦੇਣ ਦਾ ਬਿਹਤਰੀਨ ਵਸੀਲਾ ਹੈ। ਰੇਡੀਓ ਦਾ ਨਵਾਂ ਡਿਜੀਟਲ ਰੂਪ ਐਫ.ਐਮ. ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਰਿਹਾ ਹੈ। ਵਿਕਸਿਤ ਮੁਲਕਾਂ ਵਿੱਚ ਟੈਲੀਵਿਜ਼ਨ ਨਾਲੋਂ ਰੇਡੀਓ ਜ਼ਿਆਦਾ ਸੁਣਿਆ ਜਾਂਦਾ ਹੈ। ਅਜੇ ਵੀ ਦੁਨੀਆਂ ਦੀ 30 ਪ੍ਰਤੀਸ਼ਤ ਆਬਾਦੀ ਇੰਟਰਨੈੱਟ ਦੀ ਸਹੂਲਤ ਤੋਂ ਵਾਂਝੀ ਹੈ ਅਤੇ ਉਨ੍ਹਾਂ ਲਈ ਗਿਆਨ ਅਤੇ ਮਨੋਰੰਜਨ ਦਾ ਸਾਧਨ ਰੇਡੀਓ ਹੀ ਹੈ। ਡੀ.ਟੀ.ਐਚ. ਸੇਵਾ ਰਾਹੀਂ ਰੇਡੀਓ ਵਿਸ਼ਵ ਦੇ ਕਿਸੇ ਵੀ ਕੋਨੇ 'ਚ ਬੈਠੇ ਹੋਏ ਸੁਣਿਆ ਜਾ ਸਕਦਾ ਹੈ। ਮੋਬਾਈਲ ਫੋਨਾਂ ਵਿੱਚ ਰੇਡੀਓ ਹੋਣ ਕਰਕੇ ਰੇਡੀਓ ਨਾਲ ਨੌਜਵਾਨਾਂ ਸਮੇਤ ਵੱਡਾ ਵਰਗ ਜੁੜਿਆ ਹੋਇਆ ਹੈ। ਰੇਡੀਓ ਸਸਤੀ ਤੇ ਪੁਖ਼ਤਾ ਇਸਤਿਹਾਰ ਬਾਜ਼ੀ ਦੇ ਸਾਧਨ ਵਜੋਂ ਆਪਣਾ ਮੁਕਾਮ ਮੁੜ ਹਾਸਲ ਕਰ ਰਿਹਾ ਹੈ। ਸਮੇਂ ਅਤੇ ਤਕਨੀਕ ਦੇ ਨਾਲ ਚੱਲਦੇ ਹੋਏ ਨਾਰਵੇ ਦੇਸ਼ ਨੇ ਦਸੰਬਰ 2017 ਵਿੱਚ ਆਪਣੇ ਸਾਰੇ ਐਫ.ਐਮ. ਰੇਡੀਓ ਸਟੇਸ਼ਨ ਬੰਦ ਕਰਕੇ ਉਸ ਦੀ ਥਾਂ ਡਿਜੀਟਲ ਰੇਡੀਓ ਸਟੇਸ਼ਨ ਚਾਲੂ ਕਰ ਲਿਆ ਹੈ। ਓੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿਖੇ ਹਰ ਸਾਲ ਇਸ ਦਿਨ ਕੌਮਾਂਤਰੀ ਪੱਧਰ ਦਾ ਰੇਡੀਓ ਮੇਲਾ ਲਗਾਇਆ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਹੀ ਪੁਰਾਣੇ ਅਤੇ ਨਵੇਂ ਰੇਡੀਓ ਦੀ ਨੁਮਾਇਸ਼ ਕੀਤੀ ਜਾਂਦੀ ਹੈ। ਅੱਜ ਕੌਮਾਂਤਰੀ ਰੇਡੀਓ ਦਿਵਸ 'ਤੇ ਸਾਨੂੰ ਇਸ ਦੀ ਅਹਿਮੀਅਤ ਸਮਝਦੇ ਹੋਏ ਟੈਲੀਵਿਜ਼ਨ ਅਤੇ ਸਮਾਰਟ ਫੋਨ ਵਰਤਣ ਦੀ ਆਦਤ ਘੱਟ ਕਰਕੇ ਇਸ ਨੂੰ ਸੁਣਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਨਿੱਜੀ ਰੇਡੀਓ ਸਟੇਸ਼ਨ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਨਾਲ ਆਪਣੀ ਅਕਾਸ਼ਵਾਣੀ ਪ੍ਰਸਾਰਨ ਸੇਵਾ ਨੂੰ ਵੀ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਅੱਜ ਬੇਸ਼ੱਕ ਨਵਾਂ ਵਰਗ ਨਵੀਂ ਟੈਕਨਾਲੋਜੀ ਕਾਰਨ ਰੇਡੀਓ ਤੋਂ ਦੂਰ ਹੁੰਦਾ ਜਾ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਟੈਲੀਫੋਨ, ਅਤੇ ਟੈਲੀਵਿਜ਼ਨ ਵਰਗੀਆਂ ਖੋਜਾਂ ਵੀ ਰੇਡੀਓ ਦੀ ਖੋਜ ਵਿੱਚੋ ਹੀ ਉਪਜੀਆਂ ਹਨ। ਨਵੀਂ ਪੀੜ੍ਹੀ ਤੋਂ ਪਹਿਲਾਂ ਵਾਲੇ ਲੋਕ ਸਚਮੁੱਚ ਰੇਡੀਓ ਨੂੰ ਆਪਣਾ ਦੋਸਤ ਮੰਨਦੇ ਹਨ। ਉਹ ਅਜੇ ਵੀ ਆਪਣੇ ਪਸੰਦੀਦਾ ਪ੍ਰੋਗਰਾਮ ਸੁਣਦੇ ਰਹਿੰਦੇ ਹਨ। ਰੇਡੀਓ ਤੋਂ ਸਰੋਤੇ ਗੀਤ ਸੰਗੀਤ ਰਾਹੀਂ ਮਨੋਰੰਜਨ ਕਰਦੇ ਰਹਿੰਦੇ ਹਨ ਅਤੇ ਖੇਤੀਬਾੜੀ, ਸਿਹਤ, ਸਿੱਖਿਆ ਵਿਗਿਆਨ ਅਤੇ ਦੁਨੀਆਂ ਦੇ ਹੋਰ ਗਿਆਨ ਵਾਰੇ ਜਾਣਕਾਰੀ ਹਾਸਿਲ ਕਰਦੇ ਰਹਿੰਦੇ ਹਨ। ਕੁਲ ਮਿਲਾ ਕੇ ਰੇਡੀਓ ਨੂੰ ਗਿਆਨ ਦਾ ਭੰਡਾਰ ਅਤੇ ਸੱਚਾ ਮਿੱਤਰ ਕਹਿਣਾ ਗਲਤ ਨਹੀਂ ਹੋਵੇਗਾ। ਸੱਚ ਮੁੱਚ ਹੀ ਸਕੂਨ ਦਾ ਅਗਾਜ਼ ਹੁੰਦਾ ਹੈ ਜਦੋਂ ਰੇਡੀਓ ਸੈਟ ਚਾਲੂ ਕਰਦੇ ਹੀ ਸੁਣਦੇ ਹਾਂ।

"ਇਹ ਤੁਹਾਡਾ ਆਪਣਾ ਰੇਡੀਓ ਅਕਾਸ਼ਵਾਣੀ ਹੈ"



**ਕੁਲਦੀਪ ਸਿੰਘ ਸਾਹਿਲ**
**9417990040**
**ਸਿਰਨਾਵਾਂ:- 16, ਏ ਫੋਕਲ ਪੁਆਇੰਟ ਰਾਜਪੁਰਾ**

# ਭੂਆ

ਮੈਨੂੰ ਨਹੀਂ ਪਤਾ ਇਹ ਭੂਆ ਸ਼ਬਦ ਦਾ ਸ਼ਬਦੀ ਅਰਥ ਕੀ ਹੈ। ਹਾਂ ਫੂੰ ਫੂੰ ਕਰਨ ਵਾਲ਼ੇ ਨੂੰ ਫੂਫੜ ਕਹਿੰਦੇ ਹਨ। ਫਿਰ ਫੂਫੜ ਤੋਂ ਹੀ ਫੂਫੀ ਸ਼ਬਦ ਹੋਂਦ ਵਿੱਚ ਆਇਆ ਹੈ। ਭੂਆ ਸੱਸ ਨੂੰ ਫੁਫੇਸ ਆਖਿਆ ਜਾਂਦਾ ਹੈ। ਭੂਆ ਉਸੇ ਘਰ ਦੀ ਜੰਮੀ ਹੁੰਦੀ ਹੈ ਜਿਸ ਘਰ ਵਿੱਚ ਫੇਰਾ ਪਾਉਣ ਲਈ ਉਹ ਭਰਾ ਭਰਜਾਈਆਂ ਦੇ ਮੂਡ ਵੱਲ ਵੇਖਦੀ ਹੈ। ਕਈ ਘਰ ਭੂਆ ਦੇ ਆਉਣ ਨੂੰ ਚੰਗਾ ਨਹੀਂ ਸਮਝਦੇ। ਇਹ ਸੋਚ ਬਣਾ ਰੱਖੀ ਹੈ ਕਿ ਭੂਆ ਕੁਝ ਨਾ ਕੁਝ ਲੈਣ ਹੀ ਆਉਂਦੀ ਹੈ। ਭੂਆ ਲਾਲਚ ਕਰਦੀ ਹੈ। ਜਦੋਂ ਕਿ ਹਕੀਕਤ ਇਹ ਹੁੰਦੀ ਹੈ ਕਿ ਭੂਆ ਆਪਣੇ ਘਰੇ ਜਿੰਨੀ ਮਰਜ਼ੀ ਚੰਗੀ ਹੋਵੇ ਉਸਨੂੰ ਪੇਕਿਆਂ ਤੋਂ ਮਿਲੇ ਮਾਣ ਸਨਮਾਨ ਦੀ ਸਿੱਕ ਹੁੰਦੀ ਹੈ। ਪੇਕਿਆਂ ਤੋਂ ਮਿਲੇ ਤਿੱਲ ਫੁੱਲ ਨੂੰ ਆਪਣੀਆਂ ਨੂੰਹਾਂ ਅਤੇ ਨਨਾਣਾਂ ਨੂੰ ਉਹ ਹੁੱਭਕੇ ਵਿਖਾਉਂਦੀ ਹੈ। ਉਸਦਾ ਅੰਮਾ ਜਾਇਆ ਭਰਾ ਅਤੇ ਭਰਜਾਈਆਂ, ਭਤੀਜੇ, ਭਤੀਜੀਆਂ ਭੂਆ ਤੋਂ ਹਰ ਗੱਲ ਦੇ ਪਰਦੇ ਰੱਖਦੇ ਹਨ। ਲਿਆਂਦੀ ਹੋਈ ਕਿਸੇ ਨਵੀਂ ਚੀਜ਼ ਦਾ ਭੂਆ ਤੋਂ ਓਹਲਾ ਰੱਖਦੇ ਹਨ। ਜਦੋਂ ਕਿ ਭੂਆ ਪੇਕਿਆਂ ਦੀ ਹਰ ਖੁਸ਼ੀ ਨੂੰ ਆਪਣੀ ਖੁਸ਼ੀ ਤੋਂ ਵੀ ਵੱਧ ਸਮਝਦੀ ਹੈ। ਇਹ ਉਹ ਭੂਆ ਹੁੰਦੀ ਹੈ ਜੋ ਕਦੇ ਉਸ ਘਰ ਦੀ ਬਰਾਬਰ ਦੀ ਹਿੱਸੇਦਾਰ ਹੁੰਦੀ ਸੀ। ਜਮੀਨ ਜਾਇਦਾਦ ਦੀ ਬਰਾਬਰ ਦੀ ਮਾਲਿਕ ਸੀ। ਉਸ ਕੋਲ੍ਹ ਬਰਾਬਰ ਦੇ ਹੱਕ ਸਨ। ਪ੍ਰੰਤੂ ਉਸ ਦਾ ਹਿੱਸਾ ਇਹ ਕਹਿਕੇ ਕੱਟ ਦਿੱਤਾ ਜਾਂਦਾ ਹੈ ਕਿ ਇਸ ਦੇ ਹਿੱਸੇ ਦੀ ਰਕਮ ਨੂੰ ਇਸਦੇ ਵਿਆਹ ਤੇ ਖਰਚ ਕਰ ਦਿੱਤਾ ਗਿਆ ਸੀ। ਜਦੋਂ ਕਿ ਅੱਜ ਕੱਲ੍ਹ ਲੋਕ ਕੁੜੀਆਂ ਦੇ ਵਿਆਹ ਨਾਲੋਂ ਮੁੰਡਿਆਂ ਦੇ ਵਿਆਹ ਤੇ ਵੱਧ ਖਰਚ ਕਰਦੇ ਹਨ। ਫਿਰ ਭੂਆ ਦਾ ਹਿੱਸਾ ਕਿੱਥੇ ਗਿਆ। ਬਹੁਤੀਆਂ ਕੁੜੀਆਂ ਤਾਂ ਆਪਣੇ ਵਿਆਹ ਤੋਂ ਪਹਿਲਾਂ ਹੀ ਕਮਾਈ ਕਰਨ ਲੱਗ ਜਾਂਦੀਆਂ ਹਨ। ਆਪਣੇ ਵਿਆਹ ਤੱਕ ਦੀ ਆਪਣੀ ਤਨਖਾਹ ਉਹ ਪੇਕਿਆਂ ਦੀ ਝੋਲੀ ਪਾ ਦਿੰਦੀਆਂ ਹਨ। ਜਾਂ ਇੰਜ ਕਹਿ ਲਵੋ ਉਹ ਆਪਣੇ ਵਿਆਹ ਜੋਗਾ ਇਕੱਠਾ ਕਰ ਲੈਂਦੀਆਂ ਹਨ। ਪਰ ਫਿਰ ਵੀ ਉਹ ਆਪਣਾ ਹਿੱਸਾ ਨਹੀਂ ਲੈਂਦੀਆਂ। ਕਿਉਂਕਿ ਉਹ ਵਿਆਹ ਤੋਂ ਬਾਅਦ, ਮਾਂ ਪਿਓ ਦੇ ਤੁਰ ਜਾਣ ਤੋਂ ਪੇਕਿਆਂ ਨਾਲ ਵਰਤਣਾ ਚਾਹੁੰਦੀਆਂ ਹਨ। ਉਹ ਚਾਹੁੰਦੀਆਂ ਹਨ ਕਿ ਉਹਨਾਂ ਨੂੰ ਹਰ ਤਿੱਥ ਤਿਉਹਾਰ ਤੇ ਸੰਭਾਲਿਆ ਜਾਂਵੇ। ਪੇਕੇ ਘਰ ਆਉਣ ਤੇ ਉਸਦਾ ਖਿੜੇ ਮੱਥੇ ਸਵਾਗਤ ਹੋਵੇ। ਦੁੱਖ ਸੁੱਖ ਤੇ ਉਸਦੇ ਭਰਾ ਭਤੀਜੇ ਉਸ ਨਾਲ ਖੜ੍ਹਨ। ਭੈਣ ਹਮੇਸ਼ਾਂ ਪੇਕਿਆਂ ਵੱਲੋਂ ਠੰਡੀ ਹਵਾ ਦੇ ਬੁੱਲੇ ਲੋਚਦੀ ਹੈ। ਪ੍ਰੰਤੂ ਅੱਜ ਦੇ ਯੁੱਗ ਵਿੱਚ ਇਹ ਹੁੰਦਾ ਨਹੀਂ। ਆਪਣਾ ਹਿੱਸਾ ਛੱਡਣ ਤੇ ਵੀ ਧੀ ਭੈਣ ਨੂੰ ਸਰੀਕ ਵਾਂਗੂ ਸਮਝਿਆ ਜਾਂਦਾ ਹੈ। ਪੇਕਿਆਂ ਦੀ ਖੁਸ਼ੀ ਸੁਣਕੇ ਭੈਣ ਫੁੱਲੀ ਨਹੀਂ ਸਮਾਉਂਦੀ ਪ੍ਰੰਤੂ ਉਹ ਭਰਾ ਤੇ ਭਰਜਾਈਆਂ ਉਸਨੂੰ ਦੱਸਣਾ ਵੀ ਨਹੀਂ ਚਾਹੁੰਦੇ। ਕਈ ਧੀਆਂ ਤਾਂ ਬਾਲ ਬੱਚੇ ਵਾਲੀਆਂ ਹੋਕੇ ਆਪਣੇ ਭਰਾਵਾਂ ਦੇ ਹੱਕ ਵਿੱਚ ਬਿਆਨ ਦੇ ਦਿੰਦੀਆਂ ਹਨ। ਅਖੌਤੀ ਲਾਲਚੀ ਭੂਆਂ ਦੇ ਇਸ ਤਿਆਗ ਦੀ ਕੋਈਂ ਕਦਰ ਨਹੀਂ ਕਰਦਾ। ਇਸ ਨੂੰ ਭਰਾ ਭਤੀਜੇ ਆਪਣਾ ਹੱਕ ਸਮਝਦੇ ਹਨ। ਪ੍ਰੰਤੂ ਲੋਹੜੀ ਦੀਵਾਲੀ ਨੂੰ ਵੀ ਉਹ ਪੇਕਿਆਂ ਦੇ ਮਿਠਾਈ ਦੇ ਡਿੱਬੇ ਨੂੰ ਉਡੀਕਦੀਆਂ ਅੱਖਾਂ ਗੇਟ ਤੇ ਰਹਿੰਦੀਆਂ ਹਨ। ਕਰੋੜਾਂ ਰੁਪਏ ਦੀ ਜਾਇਦਾਦ ਦਾ ਤਿਆਗ ਕਰਨ ਵਾਲੀਆਂ ਧੀਆਂ ਭੈਣਾਂ ਦੀ ਇਹ ਦੁਰਦਿਸ਼ਾ ਅੱਜ ਆਮ ਗੱਲ ਬਣ ਚੁੱਕੀ ਹੈ। ਦੁਨਿਆਵੀ ਰੂਪ ਵਿੱਚ ਹਰ ਭੂਆ ਦਾ ਇਹ ਤਿਆਗ ਬਹੁਤ ਵੱਡਾ ਹੁੰਦਾ ਹੈ। ਪਰ ਫਿਰ ਵੀ ਭੂਆ ਦੀ ਕੋਈਂ ਉਹ ਕਦਰ ਨਹੀਂ ਕਰਦਾ। ਮੇਰੇ ਹਿਸਾਬ ਨਾਲ ਭੂਆ ਦਾ ਰਿਸ਼ਤਾ ਸਭ ਤੋਂ ਉੱਚਾ ਹੁੰਦਾ ਹੈ। ਸਾਡੀ ਅਮੀਰੀ ਵਿੱਚ ਭੂਆ ਦਾ ਹਿੱਸਾ ਅਤੇ ਦੁਆਵਾਂ ਬੋਲਦੀਆਂ ਹਨ। ਕੋਈ ਸੁਣੇ ਜਾਂ ਨਾ ਸੁਣੇ।



**ਰਮੇਸ਼ ਸੇਠੀ ਬਾਦਲ**

# 13 ਫ਼ਰਵਰੀ 2025 ਕੌਮਾਂਤਰੀ ਰੇਡੀਓ ਦਿਹਾੜਾ

ਲੇਖ ਦਾ ਨਾਮ :
ਰੇਡੀਓ, ਇਸ ਦੀ ਜਾਦੂਈ ਦੁਨੀਆ ਅਤੇ ਕੌਮਾਂਤਰੀ ਰੇਡੀਓ ਦਿਹਾੜਾ

ਅੱਜ ਜਿਸ ਤਰ੍ਹਾਂ ਹਰ ਇਕ ਹੱਥ 'ਚ ਮੋਬਾਈਲ ਫ਼ੋਨ ਨਜ਼ਰ ਆ ਰਿਹਾ ਹੈ, ਠੀਕ ਉਸੇ ਤਰ੍ਹਾਂ ਇੱਕ ਸਮੇਂ ਹਰ ਘਰ 'ਚ ਇੱਕ ਰੇਡੀਓ ਸੈਟ ਜ਼ਰੂਰ ਹੁੰਦਾ ਸੀ। ਰੇਡੀਓ ਦੀ ਬਹੁਤੀ ਥਾਂ ਹੁਣ ਡਿਜਿਟਲ ਆਡੀਓ ਵੀਡੀਓ ਨੇ ਲੈ ਲਈ ਹੈ ਅਤੇ ਪਿਛਲੇ ਕੁੱਝ ਸਾਲਾਂ ਵਿੱਚ ਪੌਡਕਾਸਟਾਂ ਦੇ ਜ਼ਰੀਏ ਆਡੀਓ ਸਮੱਗਰੀ ਤੱਕ ਲਗਭਗ ਹਰ ਇਕ ਬੰਦੇ ਦੀ ਪਹੁੰਚ ਵਧੀ ਹੈ। ਰੇਡੀਓ ਦਾ ਇਕ ਅਹਿਮ ਕਿਰਦਾਰ ਦੁਨੀਆ ਨੂੰ ਆਪਸ 'ਚ ਜੋੜਣ ਦਾ ਹੈ। ਰੇਡੀਓ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਸਿੱਖਿਅਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੱਜ ਦੇ ਦੌਰ ਵਿੱਚ ਰੇਡੀਓ ਨੇ ਡਿਜਿਟਲ ਪ੍ਰਸਾਰਣ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ, ਜਿਵੇਂ ਧਅਭ+, ਧ੍ਰੰ, ਪਰ ਹੁਣ ਤਾਂ ਰੇਡੀਓ ਮੋਬਾਇਲ ਦੀਆਂ ਵੱਖੋ-ਵੱਖ ਐਪਾਂ ਰਾਹੀ ਦੇਸ਼-ਵਿਦੇਸ਼ ਚ ਬੈਠੇ ਵੀ ਸੁਣਿਆ ਜਾ ਸਕਦਾ ਹੈ। ਭਾਰਤ ਦੇ ਸਰਕਾਰੀ ਅਦਾਰੇ ਪ੍ਰਸਾਰ ਭਾਰਤੀ ਨੇ ਆਕਾਸ਼ਵਾਣੀ ਲਈ ਆਪਣੀ 'ਣਾਸੌਨਅ੍ਰਿ ਐਪ ਲਾਂਚ ਕੀਤੀ ਹੋਈ ਹੈ। ਬਾਕੀ ਦੁਨੀਆਂ ਭਰ ਚ ਰੇਡੀਓ ਚੈਨਲ ਸੁਣਨ ਵਾਲਿਆਂ ਵਿਚ ਡ੍ਰਉਦਿੋ ਐਪ, ਘਓਰਦਣਨ੍ਰਓਦਿੋ ਵੈਬਸਾਇਟ ਮਸ਼ਹੂਰ ਹੈ।

ਕੁੱਝ ਕੁ ਚਿਰ ਪਹਿਲਾਂ ਰੇਡੀਓ ਦੀ ਦੁਨੀਆ 'ਚ ਖਬਰਾਂ ਦੀ ਜਗ੍ਹਾ ਜ਼ਿਆਦਾ ਮਨੋਰੰਜਨ ਨੇ ਥਾਂ ਜ਼ਰੂਰ ਲੈ ਲਈ ਸੀ, ਪਰ ਪਿਛਲੇ ਕੁੱਝ ਸਾਲਾਂ ਵਿੱਚ ਆਡੀਓ ਪੌਡਕਾਸਟਾਂ ਦੇ ਜ਼ਰੀਏ ਕਾਫ਼ੀ ਗੰਭੀਰ ਸਮੱਗਰੀ ਵੀ ਨਜ਼ਰ ਆ ਰਹੀ ਹੈ।

ਜੇ ਗੱਲ ਰੇਡੀਓ ਦੇ ਜਨਮ ਦੀ ਕਰੀਏ, ਤਾਂ ਸਾਇੰਸਦਾਨ ਜੇਮਸ ਕਲਰਕ ਮੈਕਸਵੈੱਲ ਨੇ 1865 ਵਿਚ ਸਿਧਾਂਤਕ ਅਤੇ ਗਣਿਤਿਕ ਰੂਪ ਵਿਚ ਭਵਿੱਖਬਾਣੀ ਕੀਤੀ ਸੀ ਕਿ ਇਲੈਕਟ੍ਰੋ ਮੈਗਨੈਟਿਕ ਰੈਡੀਏਸ਼ਨ (ਤਰੰਗਾਂ) ਬਿਨਾਂ ਤਾਰ ਤੋਂ ਇਕ ਤੋਂ ਦੂਜੇ ਥਾਂ ਤੱਕ ਪਹੁੰਚ ਸਕਦੀ ਹੈ। 1880 ਦੇ ਦੌਰ ਦੌਰਾਨ ਹੀ ਡੇਵਿਡ ਐਡਵਰਡ ਹਿਊਗਸ ਨੇ ਵੀ ਇਸੇ ਵਿਚਾਰ ਤੇ ਪ੍ਰਯੋਗ ਕੀਤੇ ਸਨ, ਪਰ 1887 ਵਿੱਚ ਹੇਨਰੀਕ ਰੂਡੋਲਫ ਹਰਟਜ਼ ਨੇ ਮੈਕਸਵੈੱਲ ਦੀ ਇਲੈਕਟ੍ਰੋ ਮੈਗਨੈਟਿਜ਼ਮ ਰੈਡੀਏਸ਼ਨ ਦੀ ਥਿਊਰੀ ਦੀ ਪੂਰੇ ਪ੍ਰਯੋਗ ਨਾਲ ਪੁਸ਼ਟੀ ਕੀਤੀ। ਕਈ ਸਾਲਾਂ ਤੱਕ ਇਤਾਲਵੀ ਖੋਜੀ ਗੁਗਲਿਲੇਮੋ ਮਾਰਕੋਨੀ ਨੇ ਏਅਰਬੋਰਨ ਹਾਰਟਜ਼ਿਅਨ ਵੇਵਜ਼ (ਰੇਡੀਓ ਪ੍ਰਸਾਰਣ) ਤੇ ਕਈ ਪ੍ਰਯੋਗ ਕੀਤੇ ਅਤੇ ਅਖੀਰ 1896 ਵਿਚ ਕਾਮਯਾਬੀ ਨਾਲ ਬੇਤਾਰ ਟੈਲੀਗ੍ਰਾਫੀ ਸਿਸਟਮ ਬਣਾਇਆ। ਇਸ ਤਰਾਂ ਮਾਰਕੋਨੀ ਰੇਡੀਓ ਪ੍ਰਸਾਰਣ ਦਾ ਪਿਤਾਮਾ ਬਣ ਗਿਆ। ਇਥੇ ਇਹ ਵੀ ਦੱਸਣਯੋਗ ਹੈ ਕਿ ਭਾਰਤੀ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ ਨੇ ਵੀ ਰੇਡੀਓ ਤਰੰਗਾਂ ਤੇ ਬਹੁਤ ਕੰਮ ਕੀਤਾ ਸੀ।

ਇਸ ਵਕਤ ਦੁਨੀਆ ਚ ਲਗਭਗ 44000 ਤੋਂ ਵੱਧ ਰੇਡੀਓ ਚੈਨਲ ਹਨ, ਜੋ ਦੁਨੀਆਂ ਦੀ 70% ਆਬਾਦੀ ਨੂੰ ਕਵਰ ਕਰ ਰਹੇ ਹਨ। ਦੁਨੀਆ ਦਾ ਸਭ ਪਹਿਲਾ ਰੇਡੀਓ ਸ਼ਟੇਸ਼ਨ ਖਧਖਅ (ਪ੍ਰਾਇਵੇਟ) 2 ਨਵੰਬਰ1920 ਵਿੱਚ ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿੱਚ ਸ਼ੁਰੂ ਹੋਇਆ ਸੀ। ਕਿਸੇ ਵੇਲੇ ਦੁਨੀਆਂ ਚ ਕਲੰਬਸ, ਓਹਾਇਓ (ੂਸ਼) ਸਥਿਤ 'ਜ਼ਲਾਂ 700ਖ੍ਹਜ਼ ਅੰ (500 ਖਾਂ ਫੋਾਇਰ) ਪ੍ਰਾਇਵੇਟ ਰੇਡੀਓ ਚੈਨਲ ਐਨਾ ਸ਼ਕਤੀਸ਼ਾਲੀ ਸੀ, ਜੋ ਰਾਤ ਦੇ ਸਮੇਂ ਅੱਧੀ ਦੁਨੀਆਂ ਨੂੰ ਕਵਰ ਕਰਨ ਦੇ ਯੋਗ ਸੀ। ਅੱਜ ਤਾਂ ਹਰ ਰੇਡੀਓ ਚੈਨਲ ਐਪ ਰਾਹੀਂ ਸਾਰੀ ਦੁਨੀਆਂ ਕਵਰ ਕਰ ਰਿਹਾ ਹੈ। ਜੇ ਭਾਰਤ ਦੀ ਬਾਤ ਪਾਈਏ ਤਾਂ ਇਥੇ ਸਭ ਤੋਂ ਪਹਿਲਾਂ ਨਵੰਬਰ 1923 ਚ ਦੋ ਪ੍ਰਾਈਵੇਟ ਕੰਪਨੀਆਂ ਬੰਬਈ ਰੇਡੀਓ ਕਲੱਬ ਅਤੇ ਕਲਕੱਤਾ ਰੇਡੀਓ ਕਲੱਬ ਵੱਲੋਂ ਬੰਬਈ ਅਤੇ ਕਲਕੱਤਾ ਵਿੱਚ ਰੇਡੀਓ ਪ੍ਰਸਾਰਣ ਕੀਤਾ ਗਿਆ, ਜਦੋਂ ਕਿ 23 ਜੁਲਾਈ 1927 ਤੋਂ ਇੰਡੀਅਨ ਬ੍ਰੌਡਕਾਸਟਿੰਗ ਕੰਪਨੀ (ਿਭਛ) ਵਲੋਂ ਮੀਡੀਮਵੇਵ ਪ੍ਰਸਾਰਣ ਸ਼ੁਰੂ ਹੋਇਆ। ਜਿਸ ਨੂੰ 8 ਜੂਨ 1936 ਵਿਚ ਆਲ ਇੰਡੀਆ ਰੇਡੀਓ (ਅ੍ਰਿ) ਦਾ ਨਾਂ ਦਿੱਤਾ ਗਿਆ। ਆਜ਼ਾਦੀ ਤੋਂ ਬਾਅਦ ਫਿਰ ਇਸ ਨੂੰ ਆਕਾਸ਼ਵਾਣੀ ਦਾ ਨਾਮ ਦਿੱਤਾ ਗਿਆ। 1947 ਦੀ ਭਾਰਤ-ਪਾਕਿ ਵੰਡ ਵੇਲੇ 9 ਰੇਡੀਓ ਸਟੇਸ਼ਨ ਸਨ, ਜਿਨ੍ਹਾਂ ਵਿੱਚੋਂ 3 ਪਾਕਿਸਤਾਨ ਵਿੱਚ ਅਤੇ 6 ਭਾਰਤ ਵਿੱਚ ਰਹਿ ਗਏ ਸਨ। ਭਾਰਤ ਵਿੱਚ 3 ਅਕਤੂਬਰ 1957 ਨੂੰ ਮਨੋਰੰਜਨ ਚੈਨਲ ਵਿਵਧ ਭਾਰਤੀ ਸੇਵਾ ਅਤੇ 23 ਜੁਲਾਈ 1977 ਨੂੰ ਐੱਫ ਐੱਮ ਬੈਂਡ ਰੇਡੀਓ ਚੈਨਲ ਦੀ ਸ਼ੁਰੂਆਤ ਹੋਈ ਸੀ।

ਹੁਣ ਗੱਲ ਕਰਦੇ ਹਾਂ 13 ਫ਼ਰਵਰੀ ਵਾਲੇ ਕੌਮਾਂਤਰੀ ਰੇਡੀਓ ਦਿਹਾੜੇ ਦੇ ਇਤਿਹਾਸ ਦੀ। 20ਵੀਂ ਸਦੀ ਦੌਰਾਨ 13 ਫ਼ਰਵਰੀ ਉਹ ਤਾਰੀਖ਼ ਸੀ, ਜਦੋਂ 1946 ਨੂੰ ਸੰਯੁਕਤ ਰਾਸ਼ਟਰ (ੂੰ) ਦਾ ਰੇਡੀਓ ਪ੍ਰਸਾਰਣ ਸ਼ੁਰੂ ਹੋਇਆ ਸੀ। ਇਸ ਦਿਨ ਲੋਕਲ ਰੇਡੀਓ (ਿੰ) ਅਤੇ ਅੰਤਰਰਾਸ਼ਟਰੀ ਪ੍ਰਸਾਰਣ ਸੇਵਾ (ਸ਼ਾਂ) ਦੀ ਸਥਾਪਨਾ ਕੀਤੀ ਗਈ ਸੀ। 21ਵੀਂ ਸਦੀ ਚ ਸਪੇਨ ਰੇਡੀਓ ਅਕੈਡਮੀ ਨੇ ਪਹਿਲੀ ਵਾਰ 2010 'ਚ ਰੇਡੀਓ ਦਿਹਾੜੇ ਦਾ ਪ੍ਰਸਤਾਵ ਪੇਸ਼ ਕੀਤਾ ਸੀ। 2011 'ਚ ਯੂਨੈਸਕੋ ਦੀ ਜਨਰਲ ਅਸੈਂਬਲੀ ਦੇ 36ਵੇਂ ਸੈਸ਼ਨ 'ਚ 13 ਫ਼ਰਵਰੀ ਨੂੰ ਕੌਮਾਂਤਰੀ ਰੇਡੀਓ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਅਤੇ ਪਹਿਲਾ ਰੇਡੀਓ ਦਿਹਾੜਾ ਰਸਮੀ ਤੌਰ 'ਤੇ ਸੰਯੁਕਤ ਰਾਸ਼ਟਰ ਵਲੋਂ 2012 'ਚ ਮਨਾਇਆ ਗਿਆ ਸੀ।

ਇਸ ਸਾਲ 2025 ਵਿਚ ਰੇਡੀਓ ਦਿਹਾੜੇ ਮੌਕੇ ਦਾ ਥੀਮ ਹੈ "ੑਓਦਿੋ ਓਨਦ ਛਲਿਮਓਟਣ ਛਹਓਨਗਣ" ਯਾਨੀ ਕਿ ਰੇਡੀਓ ਅਤੇ ਮੌਸਮੀ ਤਬਦੀਲੀਆਂ। ਰੇਡੀਓ ਦੀ ਸ਼ਕਤੀ ਲੋਕਾਂ ਨੂੰ ਮੌਸਮੀ ਤਬਦੀਲੀਆਂ ਪ੍ਰਤੀ ਜਾਗਰੂਕ ਕਰਕੇ ਇਸ ਚੁਣੌਤੀ ਤੇ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਰੇਡੀਓ ਮੌਸਮ ਤਬਦੀਲੀ ਉੱਤੇ ਪੱਕੀਆਂ (ਟਿਕਾਊ) ਕੋਸ਼ਿਸ਼ਾਂ ਕਰਨ ਤੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਲਈ ਇੱਕ ਉੱਤਮ ਪਲੇਟਫਾਰਮ ਹੈ। ਇਸ ਮੁੱਦੇ ਸਬੰਧੀ ਵੱਖੋ-ਵੱਖ ਦ੍ਰਿਸ਼ਟੀਕੋਣਾਂ ਅਤੇ ਜ਼ਮੀਨ ਪੱਧਰ ਤੇ ਹੋ ਰਹੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਦੇ ਕੇ ਇਸ ਵਿਸ਼ੇ ਤੇ ਉਤਸ਼ਾਹਿਤ ਕਰ ਸਕਦਾ ਹੈ।

ਰੇਡੀਓ ਸਰੋਤਾ ਅਸ਼ੋਕ ਕੁਮਾਰ, ਬਿਜੇਂਦਰ ਜੈਜਾਨ, ਰਵੀ ਕੁਮਾਰ ਰਾਹੁਲ, ਗਿਆਨ ਭੂਸ਼ਨ ਸ਼ਰਮਾ, ਸਤੀਸ਼ ਮਿਗਲਾਨੀ, ਗੁਰਪ੍ਰੀਤ ਸਿੰਘ ਬਿਲਿੰਗ, ਮੁਕੇਸ਼ ਬੱਤਾ ਦਾ ਮੰਨਣਾ ਹੈ ਕਿ ਰੇਡੀਓ ਇੱਕ ਅਜਿਹਾ ਦੋਸਤ ਹੈ ਜੋ ਸਾਨੂੰ ਵਿਭਿਨਤਾਵਾਂ ਚ ਰਹਿੰਦਿਆਂ ਸਟੀਕ ਜਾਣਕਾਰੀ, ਮਨੋਰੰਜਨ, ਸਿੱਖਿਆ ਦਿੰਦਾ ਹੈ ਅਤੇ ਅਪਣੱਤ ਦਾ ਅਹਿਸਾਸ ਕਰਵਾਉਂਦਾ ਹੋਇਆ ਹਰ ਰੋਜ਼ ਸਾਡੀ ਸੰਗਤ ਕਰਦਾ ਹੈ ਅਤੇ ਸਭ ਨੂੰ ਆਪਸ 'ਚ ਜੁੜਨ ਦਾ ਮੌਕਾ ਵੀ ਦਿੰਦਾ ਹੈ।

ਹੁਣ ਵੀ ਰੇਡੀਓ ਦੀ ਪ੍ਰਸਿੱਧੀ ਲਗਾਤਾਰ ਵੱਧ ਰਹੀ ਹੈ। ਰੇਡੀਓ ਢਰਣਇ ਚ ਆਮ ਚਰਚਾਵਾਂ, ਗੀਤਾਂ, ਨਾਟਕਾਂ, ਕਹਾਣੀਆਂ, ਮੁਸ਼ਾਇਰੇ, ਕਵੀ ਦਰਬਾਰ ਆਦਿ ਮਨੋਰੰਜਕ ਪ੍ਰੋਗਰਾਮਾਂ ਦੇ ਨਾਲ-ਨਾਲ ਦੁਨੀਆਂ ਭਰ ਦੀਆਂ ਖ਼ਬਰਾਂ ਜਾਣਨ ਦਾ ਇਕ ਖੁੱਲ੍ਹਾ ਤੇ ਅਨੰਤ ਰਸਤਾ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਚੈਨਲ ਸਰਕਾਰੀ ਭਲਾਈ ਸਕੀਮਾਂ, ਜਨਤਕ ਮੁਹਿੰਮਾਂ, ਪਿੰਡ ਤੇ ਸ਼ਹਿਰ ਦੀ ਸਫਾਈ ਕਰਨ ਸਬੰਧੀ ਜਾਗਰੂਕ ਕਰਨ, ਟ੍ਰੈਫਿਕ ਕਾਨੂੰਨਾਂ ਦੀ ਜਾਣਕਾਰੀ ਦੇਣ ਵਰਗੀਆਂ ਵਿਸ਼ੇਸ਼ ਮੁਹਿੰਮਾਂ ਚਲਾਉਂਦੇ ਰਹਿੰਦੇ ਹਨ। ਜਿਸ ਕਾਰਨ ਦੇਸ਼ ਦੇ ਲੋਕ ਜਾਗਰੂਕ ਹੋ ਰਹੇ ਹਨ। ਕੁੱਲ ਮਿਲਾਕੇ ਰੇਡੀਓ ਦਾ ਮਤਲਬ ਹੈ ਜਾਣਕਾਰੀ, ਸੰਚਾਰ, ਸਿੱਖਿਆ ਅਤੇ ਮਨੋਰੰਜਨ ਦਾ ਭੰਡਾਰ।



ਗੁਰਪ੍ਰੀਤ ਸਿੰਘ ਬਿਲਿੰਗ
7508698066

# ਥੋੜਾ ਥੋੜਾ ਥੋੜਾ ਹੱਸਣਾ (ਚਲੋ ਧਰਨੇ ਤੇ ਚੱਲੀਏ)

ਧਰਨੇ ਲਾਉਣਾ ਵੀ ਇਕ ਨਸ਼ੇ ਵਾਂਗੂ ਹੈ ਜਿਹਨੂੰ ਇਹ ਨਸ਼ਾ ਲਾਗਿਆ ਫੇਰ ਹੱਡਾ ਨਾਲ ਈ ਜਾਂਦਾ ! ਮੁੱਦਾ ਨਾ ਵੀ ਹੋਵੇ ਤਾਂ ਬਣਾ ਲੈਂਦੇ ਨੇ ਕਿਉਕੇ ਐਡੇ ਮੂਲਖ ਚ ਮੁੱਦੇ ਈ ਮੁੱਦੇ ਨੇ ।

ਇਕ ਦਿਨ ਇਕ ਦੋਸਤ ਨੇ ਗੱਲ ਸੁਣਾਈ ਕੇ ਓਹਨਾ ਦੇ ਪਿੰਡ ਚ ਇਕ ਨਾਮੀ ਯੂਨੀਅਨ ਦਾ ਚੰਗਾ ਖਾਸਾ ਜੋਰ ਐ । ਕੇਰਾਂ ਕਿਤੇ ਓਹਨਾ ਨੇ ਧਰਨਾ ਲਾਉਣ ਜਾਣਾ ਸੀ ਚੰਡੀਗੜ੍ਹ ਮਟਕਾ ਚੌਂਕ । ਬੰਦੇ ਪੂਰੇ ਨਾ ਆਉਣ ਸੋ ਕਰ ਕਰਾ ਕੇ ਬੁੜੀਆਂ ਨੂੰ ਵੀ ਲਗਪੇ ਇਕੱਠਾ ਕਰਨ । ਸਾਡੇ ਗੁਆਂਢ ਆਂਟੀ ਨੂੰ ਵੀ ਆਗੇ ਲੈਣ ਕਹਿੰਦੇ ਬਸ ਜਾਣ ਔਣ ਈ ਕਰਨਾ ਓਥੇ, ਨਾਲ ਚਾਰ ਮੁਰਦਾਬਾਦ ਜਿੰਦਾਬਾਦ ਦੇ ਨਾਅਰ ਲਾਉਣੇ ਨੇ, ਏਧਰੋਂ ਵਿਹਲੇ ਹੋ ਕੇ ਚੰਡੀਗੜ੍ਹ ਘੁੰਮਲਿਓ ਰੋਜ ਗਾਰਡਨ, ਰੌਕ ਗਾਰਡਨ ਤੇ ਛੱਤਬੀੜ ਜੇ ਸ਼ੌਪਿੰਗ ਕਰਨੀ ਹੋਈ ਸਤਾਰਾਂ, ਬਾਈ ਜਾ ਆਇਓ ।

ਚਲੀ ਗਈ ਆਂਟੀ । ਮਟਕਾ ਚੌਂਕ ਪਹੁੰਚ ਕੇ ਜਦੋਂ ਜਿੰਦਾਬਾਦ ਮੁਰਦ-ਾਬਾਦ ਜਿਹੀ ਕੀਤੀ, ਪੁਲਸ ਨੇ ਡਾਂਗ ਫੇਰਨੀ ਸ਼ੁਰੂ ਕਰਤੀ ਨਾਲ ਜਲ ਤੋਪਾਂ ਚਲਾਤੀਆਂ । ਅੰਟੀ ਕਹਿੰਦੀ ਮੈਂ ਤਾਂ ਭੱਜੀ ਅਤੇ ਆ ਕੇ ਬੱਸ ਦੀ ਸੀਟ ਥੱਲੇ ਇਕੱਠੀ ਜਿਹੀ ਹੋ ਕੇ ਵੜ੍ਹਗੀ ।

ਏਨੇ ਨੂੰ ਇਕ ਬੇਲੜਾ ਪੁਲਸ ਵਾਲਾ ਆਇਆ ਤੇ ਕਹਿੰਦਾ ਬੇਬੇ ਬਾਹਰ ਨਿਕਲ ਤੇਰੇ ਨਾਲਦੀਆਂ ਬਾਹਰ ਸੱਦੀ ਜਾਂਦੀਆਂ ਨਾਅਰੇ ਲਾਉਣ ਨੂੰ ਬੰਦੇ ਘਟਗੇ !

ਅੰਟੀ ਕਹਿੰਦੀ "ਵੇ ਭਰਾਵਾ ਮੈਂ ਤਾਂ ਪੇਕੀ ਰੱਖੜੀ ਬੰਨਣ ਜਾਣਾ ਸੀ ਆਹ ਚੰਡੀਗੜ ਦੇ ਲਾਲਚ ਚ ਮੈਨੂੰ ਨਾਲ ਲੈ ਆਏ, ਮੈਨੂੰ ਜਾਣਦੇ ਵੀਰ ਬਣਕੇ"

ਪੁਲਸੀਆ ਕਹਿੰਦਾ "ਚੰਗਾ ਫੇਰ ਬੇਬੇ ਤੇਰੇ ਤੇ ਤਰਸ ਕਰ ਲੈਨਾ, ਬਾਹਰ ਨਿਕਲ ਅਤੇ ਧਰਨੇ ਤੋਂ ਉਲਟ ਦਿਸ਼ਾਂ ਨੂੰ ਤਿੱਤਰ ਹੋਜਾ ਦਿਸੀਂ ਨਾ"

ਅੰਟੀ ਕਹਿੰਦੀ " ਮੈਂ ਤਾਂ ਭਾਈ ਗਿੱਧੇ ਚ ਭੂਟੋ ਪਾਉਣ ਅੰਗੂੰ ਮੂੰਹ ਤੇ ਚੁੰਨੀ ਲਵੇਟੀ ਤੇ ਭੱਜ ਪਈ, ਮੈਨੂੰ ਪਤਾ ਹੀ ਨਾ ਲੱਗਾ ਕਦੋਂ ਮੈਂ ਪੰਜ ਛੇ ਕਿਲੋਮੀਟਰ ਭੱਜ ਲਈ ਅਤੇ ਇਕ ਮੁੰਡਾ ਮੈਨੂੰ ਰੋਕ ਕੇ ਕਹਿੰਦਾ ਮਾਤਾ ਜੀ ਕਿਉ ਭੱਜੇ ਜਾ ਰਹੇ ਹੋ ? ਮੈਂ ਮੁੜਕੇ ਦੇਖਿਆ ਤਾਂ ਪਿਛੇ ਦੂਰ ਦੂਰ ਤਕ ਕੁਝ ਨਾ ਦਿਸੇ ! ਮੁੰਡੇ ਦੇ ਹੱਥ ਚ ਲੀਟਰ ਦੀ ਬਿਸਲਰੀ ਪਾਣੀ ਦੀ ਬੋਤਲ ਸੀ ਜਿਹੜੀ ਮੈਂ ਖੋਹੀ ਅਤੇ ਇਕੋ ਸਾਹ ਸਾਰੀ ਬੋਤਲ ਪੀ ਗਈ ਅਤੇ ਮੁੰਡੇ ਨੂੰ ਕਿਹਾ "ਕੁਸ਼ਨੀ ਭਾਈ ਸਾਡੇ ਪਿੰਡ ਬਜੁਰਗਾ ਦੀਆਂ ਦੌੜਾਂ ਹੁੰਦੀਆਂ ਹਰ ਸਾਲ ਮੇਲੇ ਤੇ ਉਸਦੇ ਲਈ ਪਰੈਕਟਿਸ ਕਰ ਰਹੀ ਸੀ"



ਵੈਦ ਬਲਵਿੰਦਰ ਸਿੰਘ ਢਿੱਲੋ

## ਬੁੱਢੀਆਂ ਅੱਖਾਂ

ਬੁੱਢੀਆਂ ਅੱਖਾਂ ਮਾਂ ਦੀਆਂ ਕੀ - ਕੀ ਜਰ ਗਈਆਂ।
ਦੋ ਪੁੱਤਾਂ ਦੀਆਂ ਲਾਸ਼ਾਂ ਵਿੱਚ ਸਮੁੰਦਰ ਖਰ ਗਈਆਂ।
ਖੋਰੇ ਕੀ ਲੇਖਾ - ਜੋਖਾ ਇਨ੍ਹਾਂ ਚੰਦਰੇ ਕਰਮਾਂ ਦਾ।
ਢਹਿੰਦੀ ਉਮਰੇ ਦੇਹਾਂ ਦੁੱਖਾਂ ਨਾ ਭਰ ਗਈਆਂ।
ਮਰਹੱਮ ਵੀ ਨਾਂ ਸੀ ਲੱਗੀ, ਹਾਲੇ ਅੱਲ਼ੇ ਜਖ਼ਮਾਂ ਨੂੰ।
ਦੁੱਖਾਂ ਦੀ ਸਤਾਈਆਂ ਧੀਆਂ ਖੁਦਕੁਸ਼ੀਆਂ ਕਰ ਗਈਆਂ।
ਇਸ ਤੋ ਵੱਧ ਕੇ ਤਾਂ ਰੱਬਾ ਕਹਿਰ ਕੋਈ ਹੋ ਨਹੀਂ ਸਕਦਾ।
ਸੀਵੇ ਸੇਕ - ਸੇਕ 'ਮਾਂ' ਦੀਆਂ ਅੱਖਾਂ ਠਰ ਗਈਆਂ।
ਬੁੱਢੀਆਂ ਅੱਖਾਂ ਮਾਂ ਦੀਆਂ ਕੀ - ਕੀ ਜਰ ਗਈਆਂ।
ਦੋ ਪੁੱਤਾਂ ਦੀਆਂ ਲਾਸ਼ਾਂ ਵਿੱਚ ਸਮੁੰਦਰ ਖਰ ਗਈਆਂ।



ਦੀਪਕ ਸ਼ੇਰਗੜ੍ਹ (9646106530)

# ਵਿਦੇਸ਼ੀ ਸਿੱਖਾਂ ਨੇ ਵੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਦਾ ਕੀਤਾ ਸੁਵਾਗਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਰਸਵਤੀ ਵਿਹਾਰ ਵਿਚ ਦੋ ਸਿੱਖਾਂ ਦੇ ਕਤਲ ਦੇ ਦੋਸ਼ ਚ ਦਿੱਲੀ ਦੀ ਰਾਊਜ ਐਵੇਨੀਊ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦਾ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਸਪੋਕਸਪਰਸਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸੁਵਾਗਤ ਕਰਦਿਆਂ ਕਿਹਾ ਕਿ ਦੋਸ਼ੀ ਪਾਏ ਗਏ ਸੱਜਣ ਕੁਮਾਰ ਨੂੰ ਹੁਣ ਸਖ਼ਤ ਸਜ਼ਾ ਮਿਲਣ ਦੀ ਆਸ ਬੱਝੀ ਹੈ। ਉਕਤ ਆਗੂਆਂ ਨੇ ਕਿਹਾ ਕਿ ਤਕਰੀਬਨ 4 ਦਹਾਕਿਆਂ ਤੋਂ ਇਨਸਾਫ ਦੀ ਉਡੀਕ ਕਰ ਰਹੇ 19 84 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਲਈ ਹੁਣ ਤੱਕ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਜਦ ਇਕ ਮਾਮਲੇ ਚ ਦੋਸ਼ੀ ਪਾਏ ਗਏ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਤਾ ਹੁਣ ਉਸ ਨੂੰ ਸਜ਼ਾ ਵੀ ਮਿਸਾਲੀ ਮਿਲਣੀ ਚਾਹੀਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਇਸੇ ਤਰ੍ਹਾਂ 84 ਸਿੱਖ ਕਤਲੇਆਮ ਚ ਸ਼ਾਮਿਲ ਜਗਦੀਸ਼ ਟਾਈਟਲਰ ਸਮੇਤ ਹੋਰ ਦੋਸ਼ੀ ਕਾਂਗਰਸੀ ਆਗੂਆਂ ਨੂੰ ਵੀ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਕਤ ਆਗੂਆਂ ਨੇ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨਾਲ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਇਨਸਾਫ ਦੀ ਕੁੱਝ ਆਸ ਬੱਝੀ ਹੈ। ਉਕਤ ਆਗੂਆਂ ਨੇ ਵੱਖ ਵੱਖ ਥਾਵਾਂ ਤੇ ਚੱਲ ਰਹੇ 84 ਸਿੱਖ ਕਤਲੇਆਮ ਨਾਲ ਸੰਬੰਧਿਤ ਮਾਮਲਿਆਂ ਸਬੰਧੀ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਰਕਾਰ ਨੂੰ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਇਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰਨਾ ਚਾਹੀਦਾ ਹੈ ਤਾਂ ਜ਼ੋ 84 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਜਲਦੀ ਇਨਸਾਫ ਮਿਲ ਸਕੇ।


ਪ੍ਰਧਾਨ ਗੁਰਨਾਮ ਸਿੰਘ


ਰਾਜ ਮਨਵਿੰਦਰ ਸਿੰਘ ਰਾਜਾ ਕੰਗ


## 14 ਫਰਵਰੀ ਨੂੰ ਪਿੰਡ 'ਭਲੂਰ' ਵਿਖੇ ਲੱਗ ਰਿਹਾ 'ਸਿੱਖ ਰੈਜੀਮੈਂਟ' ਦੀ ਭਰਤੀ ਸਬੰਧੀ ਜਾਗਰੂਕਤਾ ਕੈਂਪ



**ਭਲੂਰ/ਮੋਗਾ (ਬੇਅੰਤ ਗਿੱਲ)** ਮਿਤੀ 14 ਫਰਵਰੀ 2025 ਨੂੰ ਸਿੱਖ ਰੈਜੀਮੈਂਟ ਦੀ ਭਰਤੀ ਸਬੰਧੀ ਪਿੰਡ ਭਲੂਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਅਮਨਦੀਪ ਸਿੰਘ ਫੌਜੀ ਅਤੇ ਹੌਲਦਾਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਜਿੱਥੇ ਰਜਿਸਟ੍ਰੇਸ਼ਨ ਕੀਤੀ ਜਾਵੇਗੀ , ਉੱਥੇ ਹੀ ਨੌਜਵਾਨਾਂ ਨੂੰ ਸਿੱਖ ਰੈਜੀਮੈਂਟ ਦੀ ਭਰਤੀ ਸਬੰਧੀ ਜਾਗਰੂਕ ਵੀ ਕੀਤਾ ਜਾਵੇਗਾ। ਉਨ੍ਹਾਂ ਨੂੰ ਦੱਸਿਆ ਜਾਵੇਗਾ ਕਿ ਉਹ ਕਿਸ ਤਰ੍ਹਾਂ ਸਿੱਖ ਰੈਜੀਮੈਂਟ ਦੀ ਭਰਤੀ ਲਈ ਤਿਆਰੀ ਕਰ ਸਕਦੇ ਹਨ। ਇੱਥੇ ਦੱਸ ਦੇਈਏ ਕਿ ਮਿਤੀ 14 ਫਰਵਰੀ 2025 ਦਿਨ ਸ਼ੁਕਰਵਾਰ ਨੂੰ ਸਿੱਖ ਰੈਜੀਮੈਂਟ ਦੀ ਟੀਮ ਪਿੰਡ ਭਲੂਰ ਵਿਖੇ ਪਹੁੰਚ ਰਹੀ ਹੈ। ਸੋ ਨੌਜਵਾਨਾਂ ਦੇ ਧਿਆਨ ਹਿਤ ਦੱਸ ਦੇਈਏ ਕਿ ਉਹ ਸਵੇਰੇ 10 ਵਜੇ ਪਿੰਡ ਭਲੂਰ ਵਿਖੇ ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ ਅਤੇ ਫਰਵਰੀ ਮਹੀਨੇ ਵਿੱਚ ਹੋ ਰਹੀ ਭਰਤੀ ਸਬੰਧੀ ਜਾਣਕਾਰੀ ਵੀ ਹਾਸਿਲ ਕਰ ਸਕਦੇ ਹਨ । ਇਸ ਕੈਂਪ ਦੀ ਵਧੇਰੇ ਜਾਣਕਾਰੀ ਲਈ ਪੱਤਰਕਾਰ ਬੇਅੰਤ ਗਿੱਲ ਦੇ ਸੰਪਰਕ ਨੰਬਰ 99143/81958 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਨੌਜਵਾਨ ਦਸਵੀਂ ਜਮਾਤ ਦਾ ਸਰਟੀਫਿਕੇਟ, ਆਧਾਰ ਕਾਰਡ, ਈਮੇਲ ਅਤੇ ਆਪਣਾ ਮੋਬਾਇਲ ਫੋਨ ਜ਼ਰੂਰ ਨਾਲ ਲੈ ਕੇ ਆਉਣ।

## ਖੁਸ਼ੀਆਂ ਦੀ ਆਮਦ

ਜਦੋਂ ਕੋਈ ਵੀ ਖੁਸ਼ੀ ਮਨ ਦੇ ਵਿਹੜ੍ਹੇ ਆ ਦਸਤਕ ਦਿੰਦੀ ਹੈ ਤਾਂ ਮਨ ਆਪ ਮੁਹਾਰੇ ਹੀ ਝੂਮ ਉੱਠਦਾ ਹੈ ।ਜਦੋਂ ਕਿਸੇ ਸੁੰਨੇ ਵਿਹੜ੍ਹੇ ਵਿੱਚ ਖੁਸ਼ੀਆਂ ਦੀ ਆਮਦ ਹੁੰਦੀ ਹੈ ਤਾਂ ਘਰ ਵਿੱਚ ਰੌਣਕ ਆ ਜਾਂਦੀ ਹੈ । ਇਹ ਖੁਸ਼ੀ ਹਰ ਇਨਸਾਨ ਲਈ ਵੱਖੋ ਵੱਖ ਹੋ ਸਕਦੀ ਹੈ,ਕਿਸੇ ਨੂੰ ਪ੍ਰੀਖਿਆ ਵਿੱਚੋਂ ਅਵੱਲ ਆਉਣਾ ਖੁਸ਼ੀ ਦੇ ਦਿੰਦਾ,ਕਿਸੇ ਲਈ ਨੌਕਰੀ ਵਿੱਚ ਕੀਤੀ ਤਰੱਕੀ ਖੁਸ਼ੀਆਂ ਲਿਆਉਂਦੀ ਹੈ, ਕਿਸੇ ਨੂੰ ਫ਼ਸਲ ਦਾ ਚੰਗਾ ਮੁੱਲ ਮਿਲਣਾ ਹੀ ਖੁਸ਼ੀਆਂ ਦਾ ਸਾਧਨ ਹੋ ਨਿੱਬੜਦਾ,ਕਿਸੇ ਔਰਤ ਲਈ ਮਾਂ ਬਣਨ ਦਾ ਸੁਪਨਾ ਪੂਰਾ ਹੋਣਾ ਤੇ ਘਰ ਵਿੱਚ ਨਿੱਕੀਆਂ ਕਿਲਕਾਰੀਆਂ ਦੇ ਰੂਪ ਵਿੱਚ ਖੁਸ਼ੀਆਂ ਦੀ ਆਮਦ ਹੁੰਦੀ ਹੈ...ਗੱਲ ਕੀ...ਹਰ ਇਨਸਾਨ ਨੂੰ ਆਪਣੀ ਕੋਈ ਵੀ ਚਿਰਾਂ ਦੀ ਉਡੀਕ ਪਿੱਛੋਂ ਮਿਲੀ ਖੁਸ਼ੀ ਹੀ ਉਸ ਦੇ ਮਨ ਨੂੰ ਸਕੂਨਿਤ ਕਰ ਜਾਂਦੀ ਹੈ । ਖੁਸ਼ੀਆਂ ਦੀ ਆਮਦ ਕਿਸੇ ਵੀ ਰੂਪ ਵਿੱਚ ਹੋਵੇ,ਸਦਾ ਲਈ ਮਿੱਠੀਆਂ ਯਾਦਾਂ ਬਣ ਦਿਲ ਵਿੱਚ ਵੱਸਦੀ ਹੈ ।ਸਾਲਾਂ ਬਾਦ ਵੀ,ਕਿਸੇ ਅਹਿਮ ਖੁਸ਼ੀ ਦੀ ਦਿੱਤੀ ਦਸਤਕ ਮਨ ਨੂੰ ਹੁਲਾਰਾ ਦੇ ਜਾਂਦੀ ਹੈ ਤੇ ਇਹੋ ਜਿਹੀਆਂ ਬੇਸ਼ ਕੀਮਤੀ ਯਾਦਾਂ ਹੀ ਸਾਡਾ ਅਸਲ ਸਰਮਾਇਆ ਹੋ ਨਿੱਬੜਦੀਆਂ ਹਨ ।




**ਬੀਨਾ ਬਾਵਾ,ਲੁਧਿਆਣਾ (ਐੱਮ ਏ ਆਨਰਜ਼,ਐੱਮ ਫ਼ਿਲ,ਪੰਜਾਬੀ )**




# ਬੁੱਕਲ ਵਿੱਚ ਬਹਿ ਕੇ ਦਾਹੜੀ ਮੁੰਨੀ !

ਕੱਲ੍ਹ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਏਅਰਪੋਰਟ ਉਤੇ ਭਾਰਤੀ ਨੌਜਵਾਨਾਂ ਦਾ ਜਹਾਜ਼ ਅਮਰੀਕਾ ਤੋਂ ਆਇਆ। ਜਿਸਨੇ ਦੇਸ਼ ਵਿੱਚ ਖਲਬਲੀ ਮਚਾ ਦਿੱਤੀ। ਇਸ ਵਿੱਚ ਬਹੁਗਿਣਤੀ ਹੋਰਨਾਂ ਸੂਬਿਆਂ ਦੇ ਨੌਜਵਾਨ ਹਨ ਪਰ ਪੰਜਾਬ ਨੂੰ ਬਦਨਾਮ ਕਰਨ ਲਈ ਇਸ ਨੂੰ ਉਤਾਰਿਆ ਪੰਜਾਬ ਵਿੱਚ ਗਿਆ ਹੈ। ਪੰਜਾਬ ਸਰਕਾਰ ਤਮਾਸ਼ਾ ਵੇਖਦੀ ਰਹੀ। ਇਸ ਦੇ ਆਉਣ ਨਾਲ ਪੰਜਾਬ ਵਿੱਚ ਹਾਹਾਕਾਰ ਮੱਚ ਗਈ ਹੈ। ਵਾਪਸ ਕੀਤੇ ਗਏ ਨੌਜਵਾਨਾਂ ਨੂੰ ਜਿਸ ਤਰ੍ਹਾਂ ਹੱਥਕੜੀਆਂ ਲਗਾ ਕੇ ਭੇਜਿਆ ਗਿਆ ਹੈ। ਇਸਨੇ ਭਾਰਤ ਸਰਕਾਰ ਦਾ ਸਿਰ ਨੀਵਾਂ ਕੀਤਾ ਹੈ। ਪਰ 56 ਇੰਚ ਛਾਤੀ ਵਾਲਾ ਕਿਧਰੇ ਵੀ ਅੱਖ ਵਿੱਚ ਪਾਇਆ ਰੜਕਦਾ ਨਹੀਂ। ਪੰਜਾਬ ਦੇ ਵੀਹ ਘਰਾਂ ਵਿੱਚ ਸੋਗ ਪਿਆ ਹੋਇਆ ਹੈ। ਪੰਜਾਬ ਸਰਕਾਰਾਂ ਦੀਆਂ ਨਲਾਇਕੀਆਂ ਦਾ ਸੱਚ ਦੁਨੀਆਂ ਸਾਹਮਣੇ ਆ ਗਿਆ ਹੈ। ਲੋਕ ਤਮਾਸ਼ਬੀਨ ਬਣ ਕੇ ਬੈਠੇ ਹਨ। ਹੁਣ ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਇਸ ਸਮੇਂ ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਬਣ ਕੇ ਰਹਿ ਗਏ ਹਾਂ। ਅੱਖਾਂ ਦੇ ਸਭ ਕੁੱਝ ਹੁੰਦਾ ਦੇਖੀ ਜਾ ਰਹੇ ਹਾਂ, ਪਰ ਬੋਲਦੇ ਨਹੀਂ। ਸਾਡੀ ਜੀਭ ਕਿਉਂ ਠਾਕੀ ਗਈ ? ਇਸ ਬੀਮਾਰੀ ਦਾ ਸਾਨੂੰ ਕੋਈ ਪਤਾ ਨਹੀਂ, ਕਦੋਂ ਲੱਗ ਗਈ ਹੈ। ਅਸੀਂ ਬਹਾਦਰਾਂ ਦੇ ਵਾਰਿਸ ਹੁਣ ਫੁਕਰਿਆਂ ਦੇ ਵਿੱਚ ਕਿਵੇਂ ਬਦਲ ਗਏ ? ਅਸੀਂ ਆਪਣਿਆਂ ਦੀਆਂ ਜੜ੍ਹਾਂ ਕਿਉਂ ਵੱਢਣ ਲੱਗ ਪਏ ਤੇ ਦੁਸ਼ਮਣ ਸਾਹਮਣੇ ਚੱਡਿਆਂ ਵਿੱਚ ਪੂੰਛਾਂ ਲੈਣ ਕੇ ਉਹਨਾਂ ਦੇ ਖੁਰ ਚੱਟਣ ਲੱਗ ਪਏ। ਮਿੱਤਰੋ ! ਜਦੋਂ ਦੇ ਅਸੀਂ ਚੌਕੀਦਾਰ ਬਣੇ ਆਂ, ਓਦੋਂ ਦੇ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲਗਦੇ, ਸਗੋਂ 'ਮਿੱਠਾ ਸ਼ਰਬਤ ਵਰਗਾ ਪਾਣੀ' ਬਣ ਗਏ ਹਨ। ਉਸ ਵੇਲ਼ੇ ਤੋਂ ਅਸੀਂ ਸਿਆਸੀ ਆਗੂਆਂ ਤੇ ਪੁਲਿਸ ਵਾਂਙੂੰ 'ਨੋਟ ਅਤੇ ਮਾਲ' ਦੇ ਢੇਰ ਤਾਂ ਨਹੀਂ ਲਗਾਏ, ਸਗੋਂ ਆਪਣੇ ਆਲ਼ੇ ਦੁਆਲ਼ੇ ਬਦਨਾਮੀ ਦੇ 'ਵੱਟਿਆਂ' ਦਾ 'ਬੋਹ਼ਲ' ਜ਼ਰੂਰ ਬਣਾ ਲਿਆ ਹੈ। ਆਪਣੇ ਚਾਰੇ ਪਾਸੇ ਮਿੱਤਰਾਂ ਦੀ ਨਹੀਂ, ਦੁਸ਼ਮਣਾਂ ਦੀ ਭੀੜ 'ਕੱਠੀ ਕਰ ਲਈ ਹੈ। ਹੁਣ ਹਰ ਵੇਲ਼ੇ ਇਹੀ ਡਰ ਬਣਿਆ ਰਹਿੰਦਾ ਹੈ ਕਿਤੇ ਪੀੜ ਨਾ ਸ਼ੁਰੂ ਹੋ ਜਾਵੇ। ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਕਿਤੇ ਵਾਈ ਬਾਦੀ ਦੀ ਪੀੜ ਈ ਨਾ ਸ਼ੁਰੂ ਹੋ ਜਾਵੇ। ਲੇਖਕ ਭਾਈਚਾਰੇ ਨੂੰ ਇਹ ਝੋਰਾ ਵੱਢ-ਵੱਢ ਖਾਈ ਜਾਂਦਾ ਹੈ ਕਿ ਇਹ ਦਾਦੇ ਮਗ੍ਹਾਉਣਾ 'ਬੁੱਕ਼ਲ' 'ਚ ਬੈਠ ਕੇ ਸਾਡੀ ਦਾਹੜੀ ਪੁੱਟੀ ਜਾਂਦਾ ਹੈ। ਮਿੱਤਰੋ, ਕਰੀਏ ਕੀ ? ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਤੇਹ ਮੋਹ ਦੀ ਭੁੱਖ ਦਾ ਮਾਰਿਆ ਬੰਦਾ ਕੀ ਕੀ ਨਹੀਂ ਕਰਦਾ ? ਉਹ ਜਿਉਂਦੇ ਰਹਿਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਹੁਣ ਸਾਨੂੰ ਥੁੱਕ ਨਾ਼ਲ ਵੜੇ ਪਕਾਉਣੇ ਤਾਂ ਆਉਂਦੇ ਨਹੀਂ। ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਭੁੱਖ-ਨੰਗ' ਨਾ਼ਲ ਘੁ਼ਲ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ ਕੀ 'ਨਘੋਚਾਂ' ਜਿਹੀਆਂ ਕੱਢੀ ਜਾਂਦਾ ਐ? ਵਿਚਲੀ ਗੱਲ ਨਹੀਂ ਦੱਸਦਾ ਜਿਵੇਂ ਮਰਾਸੀ ਦੱਸਦੇ ਹੁੰਦੇ ਹਨ, ਬੰਦੇ ਦਾ ਕੁਰਸੀਨਾਮਾ! ਇਹਦਾ ਪਿਉ ਦਾ ਪਿਉ ਤੇ ਹੋਰ ਬਗੈਰਾ ਬਗੈਰਾ। ਮਿੱਤਰੋ ! ਅਸਲ ਗੱਲ ਇਹ ਹੈ ਕਿ ਆਪਾਂ ਕੁੱਕੜੀ ਵਾਂਙੂੰ ਨਿੱਤ ਆਂਡਾ ਨਹੀਂ ਦੇਂਦੇ, ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲ਼ੇ-ਦੁਆਲ਼ੇ ਚੋਰੀ ਕੀਤੇ ਸ਼ਬਦਾਂ ਦੀਆਂ ਉ਼ਲਟੀਆਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ ਤਾਂ ਉਸਦੀ ਕਾਟ ਲਈ ਸੁਰਤ ਵਿੱਚ ਸੰਭਾਲ ਕੇ ਰੱਖੇ ਸ਼ਬਦ ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ। ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ ਜਿਹਨਾਂ ਨਾ਼ਲ ਜੰਗ ਲੜਨੀ ਪੈ ਗਈ। ਹੁਣ ਤਾਂ ਹਾਲਾਤ ਵੀ ਮਹਾਂਭਾਰਤ ਦੀ ਜੰਗ ਵਰਗੇ ਹੋਏ ਪਏ ਆ। ਸਾਡੇ ਕੋ਼ਲ ਤਾਂ ਮਹਾਨ ਕੋਈ ਪਾਤਰ ਵੀ ਨਹੀਂ ਹੈਗਾ ਜਿਹੜਾ ਆਪਣਿਆਂ ਨੂੰ




ਮਾਰਨ ਲਈ 'ਉਪਦੇਸ਼' ਦੇ ਸਕਦਾ ਹੋਵੇ। ਹੁਣ ਤੇ ਵਿਭੀਸ਼ਣ ਵੀ ਨਹੀਂ ਹੈਗਾ ਜੋ ਕੋਈ ਗੁੱਝਾ ਭੇਤ ਆ ਕੇ ਦੱਸ ਦੇਵੇ ਤੇ ਨਿੱਤ ਦਾ਼ਲ ਰੋਟੀ ਮੰਗਣ ਵਾ਼ਲਿਆਂ ਦਾ ਗ਼ਲਾ ਵੱਢਿਆ ਜਾਵੇ। ਹੁਣ ਇਹ ਹਾਲਾਤ ਮੇਰੇ 'ਕੱਲੇ ਦੇ ਨਹੀਂ ਸਭ ਦੇ ਹੀ ਬਣ ਗਏ ਹਨ। ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾ਼ਲ ਲੜਨ ਦੀ ਬਜਾਏ ਬੰਦਾ ਆਪਣੇ ਆਪ ਨਾ਼ਲ ਹੀ ਲੜੀ ਜਾ ਰਿਹਾ ਹੈ। ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜਰੂਰ ਮਾਰ ਲੈਂਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨਹੀਂ ਪਿਆ। ਬੰਦਾ ਕਿਵੇਂ ਮਰਦਾ ਹੈ, ਇਸ ਦੀ ਕਿਧਰੇ ਭਿਣਕ ਵੀ ਨਹੀਂ ਪੈਂਦੀ ਤੇ ਨਾ ਹੀ ਕੰਨੋਂ-ਕੰਨੀਂ ਖ਼ਬਰ ਹੁੰਦੀ ਹੈ। ਕਿੱਧਰੇ ਸੋਗ ਦੇ ਮਤੇ ਵੀ ਨਹੀਂ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਸਮਾਜ ਦੇ ਕਈ ਘੜ੍ਹੰਮ ਚੌਧਰੀ ਸਵੇਰੇ ਉਠ ਕੇ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਨੇ ਤੇ ਫਿਰ ਫ਼ੈਸਲਾ ਕਰਦੇ ਨੇ ਕਿ ਕਿਹੜਾ ਬਿਆਨ ਜਾਰੀ ਕਰਨਾ ਹੈ। ਇਹ ਕੰਮ ਸਿਆਸੀ ਆਗੂ ਕਰੇ ਤਾਂ ਪਿਆ ਕਰੇ, ਇਹ ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਕਹਿਣ ਲੱਗ ਪਏ ਕਿ "ਘਬਰਾ ਨਾ, ਤੇਰੀ ਮੌਤ 'ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਵੀ ਜਾਰੀ ਕਰ ਦਿਆਂਗੇ।" ਹੱਦ ਹੋ ਗਈ, ਜਿਵੇਂ ਆਪ ਕਦੇ ਮਰਨਾ ਹੀ ਨਹੀਂ ਹੁੰਦਾ । ਬੰਦਾ ਸਰੀਰਕ ਮੌਤ ਤਾਂ ਭਾਂਵੇਂ ਇੱਕ ਵਾਰ ਮਰਦਾ ਹੈ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ ਹੈ। ਘਟਨਾ ਕੋਈ ਵੀ ਹੋਵੇ, ਅੱਜਕੱਲ੍ਹ ਇਹੋ ਕੁਝ ਹੁੰਦਾ ਹੈ। ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ। ਸਥਿਤੀ ਕਾਬੂ ਹੇਠ ਹੈ, ਜਾਂਚ ਕਮਿਸ਼ਨ ਬਣਾ ਦਿੱਤਾ ਹੈ । ਹੁਣ ਤੱਕ ਕਿਸੇ ਕਮਿਸ਼ਨ ਦੀ ਰਿਪੋਰਟ ਲਾਗੂ ਨਹੀ ਹੋਈ ? ਨਹੀਂ ਹੋਈ, ਇਹਨੂੰ ਕਹਿੰਦੇ "ਟਾਲੋ ਨੀਤੀ ਭੁੱਲ ਜਾਓ ਕੀ ਹੈ ਹੋਈ ਬੀਤੀ ।" ਹਕੀਕਤ ਵਿੱਚ ਕੁੱਝ ਵੀ ਨਹੀਂ ਹੁੰਦਾ। ਕਦੋਂ ਤੋਂ ਕਮਿਸ਼ਨ ਤੇ 'ਸਿੱਟਾਂ' ਬਣ ਰਹੀਆਂ ਹਨ। ਇਹਨਾਂ ਨੇ ਲੋਕਾਂ ਦੇ ਪੱਲੇ ਕੀ ਪਾਇਆ ਹੈ ? ਦਰਿਆਈ ਪਾਣੀਆਂ ਦੀ ਵੰਡ ਹੋਵੇ, ਬੋਲੀਆਂ ਦੀ ਹੱਦਬੰਦੀ ਹੋਵੇ, ਬੇਅਦਬੀਆਂ ਦਾ ਮਾਮਲਾ, ਬਗੈਰਾ ਬਗੈਰਾ ; ਕਿਸੇ ਵੀ ਕਮਿਸ਼ਨ ਨੇ ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ। ਐਨੀ ਬਦਨਾਮੀ ਖੱਟਣ ਤੋਂ ਬਾਅਦ, 'ਕਮਿਸ਼ਨ' ਨੇ ਲਿੰਗ ਬਦਲੀ ਕਰਵਾ ਕੇ ਆਪਣਾ ਨਵਾਂ ਨਾਂ 'ਸਿੱਟ' ਰੱਖ ਲਿਆ ਹੈ: ਇਹ ਨਵੀਂ ਨਵੇਲੀ ਸਿੱਟ, ਸਰਕਾਰਾਂ ਦੇ ਬੜੀ ਹੈ ਫਿੱਟ, ਪੱਲੇ ਕਿਸੇ ਦੇ ਕੁਝ ਨਾ ਪਾਉਂਦੀ, ਲੋਕ ਰਹੇ ਨੇ ਪਿੱਟ, ਕੀ ਬ਼ਲਾਅ ਇਹ, ਕਿਸ ਕਿਸ ਦੇ ਨਾ਼ਲ ਕਰਦੀ ਇਹ ਗਿਟਮਿਟ, ਚਾਤ੍ਰਿਕ ਵਾਂਙੂੰ ਅਸੀਂ ਤਿਹਾਏ, ਤੱਕਦੇ ਪਏ ਬਿਟ ਬਿਟ, ਪਤਾ ਨਹੀਂ ਕਦ ਮਿ਼ਲੂ ਪੀਣ ਨੂੰ 'ਸਵਾਤਿ ਨਛੱਤਰ' ਦੀ ਛਿੱਟ ?ਜਦੋਂ ਸਾਰੇ ਹੀ 'ਬਾਪੂ ਕੇ ਤੀਨ ਬੰਦਰ' ਬਣ ਜਾਣ, ਅੱਖਾਂ, ਕੰਨ ਤੇ ਮੂੰਹ ਬੰਦ ਕਰ ਲੈਣ... ਸਰ੍ਹਾਣੇ ਹੇਠ ਬਾਂਹ ਦੇ ਕੇ ਸੌਂ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਈ ਪਊ, ਤੇ ਕਿਸੇ ਨੂੰ ਤਾਂ ਲਿਖਣਾ ਈ ਪਊ ? ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ 'ਤੁਰ੍ਹਲਾ' ਸਭ ਤੋਂ ਉੱਚਾ ਹੈ। ਉਹ ਹਰ ਥਾਂ ਚੌਧਰ ਘੋਟਦੇ ਹਨ, ਆਪਣੇ ਪ੍ਰਵਚਨ ਸੁਣਾਉਂਦੇ ਹਨ ਤੇ ਕੁਰਸੀ ਦੁਆ਼ਲੇ ਪੂਛ ਫੇਰਦੇ ਹਨ... ਕੁਰਸੀ ਨੂੰ ਜੀਭ ਨਾ਼ਲ ਰਗੜ ਕੇ ਸਾਫ਼ ਕਰਦੇ ਹਨ ਤੇ ਮਾਇਆ ਨਾ਼ਲ ਝੋਲ਼ੀ ਭਰਦੇ ਹਨ। ਕਈ ਵਾਰ ਭਰਮ ਵਿੱਚ ਜਾਂ ਸ਼ਰਮ ਵਿੱਚ ਮੀਸਣਾ ਹਾਸਾ ਹਸਦੇ ਹਨ । ਉਹਨਾਂ ਦੀਆਂ ਝੱਲ ਵਲੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..? ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਵੀ ਅਜਿਹੇ ਹੁਕਮ ਜਾਰੀ ਕਰਨ ਲਗਦੇ ਹਨ ਕਿ ਸੁਣਨ ਵਾ਼ਲੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਇਹ 'ਸੱਜਣ ਪੁਰਸ਼' ਕਹਿ ਕੀ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਉਵੇਂ ਹੀ ਸ਼ੌਕ ਪਾ਼ਲ ਲਿਆ ਹੈ ਜਿਵੇਂ ਕਬੂਤਰ ਪਾ਼ਲੀ ਦੇ ਹਨ। ਹੁਣ ਉਹ ਕਿਸੇ ਸ਼ਰਾਬੀ ਵਾਂਙੂੰ ਕਿਤਾਬਾਂ ਦੀਆਂ 'ਉ਼ਲਟੀਆਂ' ਕਰਨ ਲੱਗ ਪਏ ਹਨ। ਉਨ੍ਹਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ੍ਹ' ਭਾਰੀ ਕਰਦੀਆਂ ਹਨ? ਇਹ ਤਾਂ ਓਹੀਓ ਜਾਣਦੇ ਹਨ, ਜਿਹੜੇ ਕਿਤਾਬਾਂ ਛਾਪਦੇ ਹਨ। ਜਿਵੇਂ ਜਿਵੇਂ ਸਮਾਜ ਵਿੱਚ ਇਹਨਾਂ 'ਉਗਲੱਛਣਿਆਂ' ਦਾ ਵਾਧਾ ਹੋਇਆ ਹੈ, ਆਲ਼ੇ ਦੁਆਲ਼ੇ ਦੇ ਪੌਣ ਪਾਣੀ ਦੀ ਗਲਾਜ਼ਤ ਵੀ ਲਗਾਤਾਰ ਵਧਦੀ ਗਈ ਹੈ। ਜਦੋਂ ਕੋਈ ਇਹੋ ਜਿਹੀਆਂ 'ਉ਼ਲਟਬਾਜੀਆਂ' ਤੇ ਪੋਚਾ ਫੇਰ ਕੇ 'ਉਗਲੱਛਣਿਆਂ' ਨੂੰ 'ਵੱਡਾ' ਬਣਾਕੇ ਪੇਸ਼ ਕਰਨ ਲੱਗ ਪਵੇ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ, ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀ ਜੁਗਾ਼ਲੀ ਕਰਦਿਆਂ ਤੇ ਅਲੋਕਾਰੀ ਸਾਖੀਆਂ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'। ਹੁਣ ਤਾਂ ਚਿੱਟੀਆਂ ਮੁੱਛਾਂ ਵਾ਼ਲੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਹੀ ਬੰਦ ਕਰੀ ਜਾ ਰਹੇ ਹਨ। ਇਹਨਾਂ 'ਪਾਨ ਦੀਆਂ ਬੇ਼ਗਮਾਂ' ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜ਼ਰਿਆਂ ਵਿੱਚ 'ਮਲਿਕਾ ਏ ਅਲਫ਼ਾਜ਼' ਦਾ ਖਿਤਾਬ ਦਿਵਾਉਣ ਲਈ ਜੁਗਾੜਬੰਦੀ ਕਰਦੇ ਹਨ। ਜੇ ਅਗਾਂਹ ਦਾ਼ਲ ਨਾ ਗ਼ਲੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ। ਇਹਨਾਂ 'ਚਿੱਟੀਆਂ ਮੁੱਛਾਂ' ਵਾ਼ਲਿਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਅਸਮਾਨੀਂ ਚੜ੍ਹੀ ਇੱਲ ਵਾਂਙੂੰ ਹਰ ਵੇ਼ਲੇ 'ਕੱਚੇ ਮਾਸ' 'ਤੇ ਨਿਗਾਹ ਰੱਖਦੇ ਹਨ। ਜਦੋਂ ਕਦੇ ਅਸੀਂ ਇਹਨਾਂ 'ਚਿੱਟੀਆਂ' ਮੁੱਛਾਂ ਦਾਹੜੀਆਂ ਵਾ਼ਲਿਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਜਾ ਕੇ ਕਿਤੇ ਸਮਝ ਆਉਂਦੀ ਹੈ ਕਿ 'ਜੇਹੇ ਕੁੱਜੇ ਤੇਹੇ ਆ਼ਲੇ' ਹਨ। ਉਹ ਆਪਣੇ ਆ਼ਲੇ ਦੁਆ਼ਲੇ ਜਿਹੜੇ 'ਗੜਵਈਆਂ' ਦੀ ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ "ਸਾਡੇ ਚੌਗਿਰਦੇ ਸਮਾਜ ਵਿੱਚ ਪ੍ਰਦੂਸ਼ਣ ਵਧਾਉਣ ਵਾ਼ਲੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਙੂੰ ਚਰੀ ਜਾ ਰਹੀਆਂ ਹਨ" ਤਾਂ ਹਾਸਾ ਆਉਂਦਾ ਹੈ। ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ । ਸਗੋਂ ਹਰ ਕਿਸੇ ਨੇ 'ਟਿੰਡ ਵਿੱਚ ਕਾਨਾ' ਪਾਇਆ ਹੋਇਆ ਹੈ ਤੇ ਆਪੋ-ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ? ਇਸ ਦੀ ਨਾ ਤਾਂ ਉਹਨਾਂ ਨੂੰ ਖੁਦ ਸਮਝ ਹੈ ਤੇ ਨਾ ਹੀ ਸੁਣਨ ਵਾਲਿਆਂ ਨੂੰ ਸਮਝ ਆਉਂਦੀ ਹੈ। ਸਮਾਜ ਵਿੱਚ ਵਧ੍ਹ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ, 'ਭਾਊ ਤੈਂ ਕੀ ਲੈਣਾ ਐ' ! ਢਕੀ ਰਿੱਝਣ ਦੇ। ਪਰ ਚੌਕੀਦਾਰ ਕੀ ਕਹੇ ? 'ਜਾਗਦੇ ਰਹੋ, ਜਾਗਦੇ ਰਹੋ' ਜਾਂ 'ਚੋਰੋ ਆ ਜਾਓ, ਘਰਾਂ ਵਾ਼ਲਿਓ ਸੌਂ ਜਾਓ' ? ਜਦੋਂ 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ, ਕੁੱਤਾ ਰਾਜ ਬਹਾਲੀਐ ਮੁੜ ਚੱਕੀ ਚੱਟੇ ! ਫਿਰ ਤਾਂ ਏਹੀ ਕਹਿਣ ਦੀ ਲੋੜ ਹੈ: ਚੌਕੀਦਾਰਾ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ । ਅੱਜਕੱਲ੍ਹ ਮਿੱਤਰ ਵੀ ਮੌਸਮ ਵਾਂਗੂੰ ਬਦਲ ਰਹੇ ਨੇ ; ਕੱਚੀ ਟੁੱਟਗੀ ਜੀਹਨਾ ਦੀ ਯਾਰੀ ; ਹੁਣ ਤਾਂ ਕੱਚੀ ਯਾਰੀ ਲੱਡੂਆਂ ਦੀ ਬਣ ਗਈ ਹੈ । ਹੁਣ ਬੇਭਰੋਸਗੀ ਵੱਧ ਰਹੀ ਮਹਿੰਗਾਈ ਵਾਂਗੂੰ ; ਮੋਹ ਪਿਆਰ, ਜੀਡੀ ਪੀ ਤੇ ਭਾਰਤੀ ਕਰੰਸੀ ਵਾਂਗੂੰ ਦਿਨੋਂ ਦਿਨ ਡਿੱਗ ਰਿਹਾ ਹੈ ; ਝੂਠ, ਫਰੇਬ ਤੇ ਲੁੱਟਮਾਰ ਡਾਲਰ ਵਾਂਗੂੰ ਮਜ਼ਬੂਤ ਹੋ ਰਹੀ ਹੈ । ਹੁਣ ਜਲਦੀ ਸਭ ਭਾਰਤੀ ਬਰਾਬਰ ਹੋ ਜਾਣਗੇ ; ਸਾਰੀਆਂ ਸਿਆਸੀ ਪਾਰਟੀਆਂ ਇਕੋ ਹੀ ਵਰਦੀ ਪਾਉਣਗੀਆਂ ; ਤੁਸੀਂ ਸੌਂ ਜਾਵੋ ਚੌਕੀਦਾਰ ਜਾਗ ਰਿਹਾ ਹੈ। ਲੋਕ ਬੋਲੀ ਦੇ ਬੋਲ ਚੇਤੇ ਆਉਂਦੇ ਹਨ, ਚੌਕੀਦਾਰਾ ਲੈ ਮਿੱਤਰਾ ਤੇਰੇ ਲੱਗਦੇ ਨੇ ਬੋਲ ਪਿਆਰੇ। ਉਧਰ ਕਹਾਵਤ ਆਪੇ ਬੋਲਦੀ ਹੈ, ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ, ਜਿਸ ਵਿੱਚ ਛੱਤੀ ਛੇਕ।

.......



ਬੁੱਧ ਸਿੰਘ ਨੀਲੋਂ
94643-70823

# ਸਾਹਿਤ ਸਮਾਜ

13/02/2025

# ਸਿਰੜੀ ਤੇ ਬੇਦਾਗ਼ ਲੋਕ ਆਗੂ ਸਾਥੀ ਭਾਨ ਸਿੰਘ ਸੰਘੇੜਾ'

**ਸਾਥੀ ਭਾਨ ਸਿੰਘ ਸੰਘੇੜਾ ਵੀ ਬਾਲ ਅਵਸਥਾ ਤੋਂ ਹੀ ਖੱਬੀ ਲਹਿਰ ਦੇ ਪ੍ਰਸ਼ੰਸਕ ਅਤੇ ਹਮਦਰਦ ਤੁਰੇ ਆ ਰਹੇ ਸਨ**

ਦਿਹਾਤੀ ਮਜ਼ਦੂਰ ਸਭਾ ਦੀ ਬਰਨਾਲਾ ਜਿਲ੍ਹਾ ਇਕਾਈ ਦੇ ਸੰਸਥਾਪਕ ਪ੍ਰਧਾਨ ਸਾਥੀ ਭਾਨ ਸਿੰਘ ਸੰਘੇੜਾ ਬੀਤੇ ਸਾਲ ਸਦੀਵੀਂ ਵਿਛੋੜਾ ਦੇ ਗਏ ਹਨ। ਆਪ ਵਰਤਮਾਨ ਸਮੇਂ ਸਭਾ ਦੀ ਜਿਲ੍ਹਾ ਇਕਾਈ ਦੇ ਸਰਪ੍ਰਸਤ ਅਤੇ ਮਾਰਗ ਦਰਸ਼ਕ ਵਜੋਂ ਵਡਮੁੱਲੀਆਂ ਸੇਵਾਵਾਂ ਦੇ ਰਹੇ ਸਨ। ਉਂਝ ਵਡੇਰਾ ਸੱਚ ਇਹ ਹੈ ਕਿ ਉਹ ਕੇਵਲ ਦਿਹਾਤੀ ਮਜ਼ਦੂਰਾਂ ਦੇ ਹੀ ਨਹੀਂ ਬਲਕਿ ਸਮੁੱਚੇ ਮਿਹਨਤਕਸ਼ ਲੋਕਾਂ ਦੇ ਆਗੂ ਸਨ ਅਤੇ ਇਲਾਕੇ ਦੇ ਸਾਰੇ ਹੱਕੀ ਲੋਕ ਸੰਘਰਸ਼ਾਂ ਦੇ ਤਨੋਂ ਮਨੋਂ ਅੰਗ ਸੰਗ ਰਹਿੰਦੇ ਸਨ।

ਬਰਨਾਲਾ ਅਤੇ ਨੇੜੇ ਤੇੜੇ ਦੇ ਲੋਕ, ਖਾਸ ਕਰਕੇ ਲੁੱਟੇ-ਲਿਤਾੜੇ ਕਿਰਤੀ ਉਨ੍ਹਾਂ ਨੂੰ ਅੰਤਾਂ ਦਾ ਮੋਹ ਕਰਦੇ ਸਨ ਅਤੇ ਪਿਆਰ ਤੇ ਅਪਣੱਤ ਨਾਲ 'ਲਾਲ ਝੰਡੇ ਵਾਲਾ ਬਾਬਾ' ਕਹਿੰਦੇ ਸਨ ਕਿਉਂਕਿ ਉਹ ਕਿਰਤੀਆਂ ਦੇ ਸਵੈਮਾਣ ਦਾ ਪ੍ਰਤੀਕ ਸੂਹਾ ਝੰਡਾ ਹਰ ਵੇਲੇ ਆਪਣੇ ਮੋਢੇ 'ਤੇ ਰੱਖਦੇ ਸਨ।

ਸਾਥੀ ਭਾਨ ਸਿੰਘ ਸੰਘੇੜਾ ਦਾ ਮਿਸਾਲੀ, ਸੰਘਰਸ਼ਸ਼ੀਲ ਜੀਵਨ ਇਸ ਤੱਥ ਦਾ ਸ਼ਾਨਦਾਰ ਸਬੂਤ ਹੈ ਕਿ ਜੇ ਆਪਣੇ ਅਕੀਦੇ 'ਚ ਅਟੁੱਟ ਵਿਸ਼ਵਾਸ, ਈਮਾਨਦਾਰੀ ਤੇ ਸਮਰਪਣ ਜਿਹੇ ਗੁਣਾਂ ਨਾਲ ਸ਼ਿੰਗਾਰੀ ਦਲੇਰੀ ਪੱਲੇ ਹੋਵੇ ਤਾਂ ਵਿੱਦਿਆ ਤੋਂ ਕੋਰੇ, ਗੁਰਬਤ ਦੀ ਜੂਨ ਹੰਢਾ ਰਹੇ ਸੱਚੇ-ਸੁੱਚੇ ਕਿਰਤੀ ਕਿੰਨੇ ਹਰਮਨ ਪਿਆਰੇ ਲੋਕ ਆਗੂ ਹੋ ਨਿਬੜਦੇ ਹਨ।

ਸਾਥੀ ਭਾਨ ਸਿੰਘ ਸੰਘੇੜਾ ਦੀ ਬੇਬਾਕੀ ਅਤੇ ਸਾਫਗੋਈ, ਜਿਸ ਤੋਂ ਕਹਿੰਦੇ- ਕਹਾਉਂਦੇ ਅਧਿਕਾਰੀ ਅਤੇ ਕੱਦਾਵਰ ਸਿਆਸੀ ਆਗੂ ਵੀ ਬੜਾ ਤ੍ਰਹਿੰਦੇ ਸਨ, ਉਨ੍ਹਾਂ ਦਾ ਇੱਕ ਹੋਰ ਰਸ਼ਕ ਕਰਨ ਯੋਗ ਗੁਣ ਸੀ। ਅਨੇਕਾਂ ਵਾਰ ਉਹ ਦਬੰਗ ਤੇ ਤਲਖ ਮਿਜ਼ਾਜ ਸਮਝੇ ਜਾਂਦੇ ਅਧਿਕਾਰੀਆਂ ਦੇ ਦਫਤਰ ਮੂਹਰੇ ਇਕੱਲੇ ਹੀ ਧਰਨਾ ਮਾਰ ਕੇ ਬੈਠ ਜਾਂਦੇ ਸਨ ਅਤੇ ਆਪਣੀ ਹੱਕੀ ਮੰਗ ਮੰਨਵਾ ਕੇ ਉਠਦੇ ਸਨ।



ਸਾਥੀ ਭਾਨ ਸਿੰਘ ਸੰਘੇੜਾ ਨੇ ਭੱਠੇ 'ਤੇ ਪਥੇਰ ਦਾ ਕੰਮ ਕਰਕੇ ਅਤਿਅੰਤ ਕਠਿਨ ਹਾਲਤਾਂ ਵਿੱਚ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ। ਸਾਥੀ ਹਰਨਾਮ ਸਿੰਘ ਚਮਕ ਜਿਹੇ ਕੱਦਾਵਰ ਕਮਿਊਨਿਸਟ ਆਗੂਆਂ ਅਤੇ ਸੇਵਾ ਸਿੰਘ ਠੀਕਰੀਵਾਲਾ ਜਿਹੇ ਸੁਤੰਤਰਤਾ ਸੰਗਰਾਮੀਆਂ ਦੀ ਕਰਮ ਭੂਮੀ ਹੋਣ ਕਰਕੇ ਬਰਨ-ਾਲਾ-ਮਹਿਲ ਕਲਾਂ ਇਲਾਕਾ ਜਮਹੂਰੀ ਲਹਿਰ ਦਾ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ। ਇਸੇ ਕਰਕੇ ਸਾਥੀ ਭਾਨ ਸਿੰਘ ਸੰਘੇੜਾ ਵੀ ਬਾਲ ਅਵਸਥਾ ਤੋਂ ਹੀ ਖੱਬੀ ਲਹਿਰ ਦੇ ਪ੍ਰਸ਼ੰਸਕ ਅਤੇ ਹਮਦਰਦ ਤੁਰੇ ਆ ਰਹੇ ਸਨ। ਪਰ 1985 ਵਿੱਚ ਉਹਨਾਂ ਭੱਠਾ ਮਜ਼ਦੂਰਾਂ ਦੇ ਉਜ਼ਰਤ ਵਾਧੇ ਅਤੇ ਹੋਰਨਾਂ ਸਹੂਲਤਾਂ ਦੀ ਪ੍ਰਾਪਤ ਲਈ ਚੱਲੇ ਘੋਲ ਵਿੱਚ ਇੱਕ ਨਿਧੜਕ ਤੇ ਬੇਲਾਗ ਆਗੂ ਵਜੋਂ ਆਪਣੀ ਪਛਾਣ ਬਣਾਈ। ਉਦੋਂ ਤੋਂ ਸਿਦਕ ਦਿਲੀ ਨਾਲ ਚੁੱਕਿਆ ਲਾਲ ਫੁਰੇਰਾ ਸਾਥੀ ਭਾਨ ਸਿੰਘ ਸੰਘੇੜਾ ਦੀ ਸਦੀਵੀਂ ਪਛਾਣ ਬਣ ਗਿਆ।

ਬੇਸ਼ਕ ਨਿਰਮਾਣ ਕਾਮਿਆਂ ਦੇ ਸੰਘਰਸ਼ ਹੋਣ, ਨਗਰ ਪਾਲਿਕਾ ਦੇ ਕੱਚੇ ਕਰਮਚਾਰੀਆਂ ਨੂੰ ਘੱਟੋ-ਘੱਟ ਉਜ਼ਰਤਾਂ ਦਿਵਾਉਣ ਦੀ ਲੜਾਈ ਹੋਵੇ, ਮਨਰੇਗਾ ਕਿਰਤੀਆਂ ਦੇ ਅਧਿਕਾਰਾਂ ਦੀ ਰਾਖੀ ਦਾ ਸੰਗਰਾਮ ਹੋਵੇ, ਸਮਾਜ ਸੁਰੱਖਿਆ ਪੈਨਸ਼ਨਾਂ ਲਾਉਣ ਤੇ ਰਾਸ਼ਨ ਵੰਡ 'ਚ ਹੋ ਰਹੇ ਵਿਤਕਰੇ ਵਿਰੁੱਧ ਜੱਦੋਜਹਿਦ ਹੋਵੇ, ਜਾਤੀ ਪਾਤੀ ਉਤਪੀੜਨ ਜਾਂ ਇਸਤਰੀਆਂ ਖਿਲਾਫ਼ ਜ਼ਿਆਦਤੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਸੰਘਰਸ਼ ਹੋਵੇ ਕਿਰਤੀਆਂ ਦਾ ਮਹਿਬੂਬ ਆਗੂ ਬੇਖੌਫ ਮੋਢੇ ਤੇ ਸੁਰਖ ਪਰਚਮ ਧਰੀ ਜ਼ਾਲਿਮਾਂ ਨੂੰ ਅੱਖਾਂ 'ਚ ਅੱਖਾਂ ਪਾ ਕੇ ਚੁਣੌਤੀ ਦਿੰਦਾ ਨਜ਼ਰੀਂ ਪੈਂਦਾ ਸੀ।

ਇਸ ਤੋਂ ਵੀ ਅਗਾਂਹ ਉਹ ਸਮੁੱਚੇ ਖੱਬੇ ਪੱਖੀ ਤੇ ਜਮਹੂਰੀ ਹਲਕਿਆਂ ਵਿੱਚ ਬੇਹਦ ਮਕਬੂਲ ਅਤੇ ਸਤਿਕਾਰੇ ਜਾਣ ਵਾਲੇ ਆਗੂ ਸਨ। ਆਪਣੀ ਗੱਲ ਠੋਕ ਵਜਾ ਕੇ ਕਹਿੰਦੇ ਸਨ ਪਰ ਕਿਸੇ ਨਾਲ ਵੀ ਨਿੱਜੀ ਵਿਰੋਧ ਨਹੀਂ ਸੀ ਪਾਲਿਆ ਉਨ੍ਹਾਂ ਨੇ।

ਚਾਰ ਦਹਾਕਿਆਂ ਤੋਂ ਵਧੇਰੇ ਦੇ ਸੰਗਰਾਮੀ ਜੀਵਨ ਵਿੱਚ ਵਿੱਚ ਹਰ ਪੱਖ ਤੋਂ ਬੇਦਾਗ਼, ਧੀਆਂ-ਭੈਣਾਂ ਦੀ ਇੱਜਤ ਦਾ ਸੀਰੀ, ਪੈਸੇ ਨੂੰ ਜੁੱਤੀ ਦੀ ਨੋਕ 'ਤੇ ਰੱਖਣ ਵਾਲਾ ਸਾਥੀ ਭਾਨ ਸਿੰਘ ਸੰਘੇੜਾ ਜਿਸਮਾਨੀ ਤੌਰ ਤੇ ਰੁਖ਼ਸਤ ਹੋ ਗਿਆ ਹੈ ਪਰ ਉਸ ਦਾ ਜੁਝਾਰੂ ਜੁੱਸਾ ਤੇ ਸੰਗਰਾਮੀ ਭਾਵਨਾ ਜਿਉਂ ਦੇ ਤਿਉਂ ਕਾਇਮ ਨੇ ਭਵਿੱਖ ਦੇ ਇਨਕਲਾਬੀ ਯੋਧਿਆਂ ਦੇ ਰੂਪ ਵਿੱਚ।

ਲਾਲ ਸਲਾਮ

**ਗੁਰਭਿੰਦਰ ਗੁਰੀ**

# ਹਿਊਮਨ ਰਾਈਟਸ ਪ੍ਰੈਸ ਕਲੱਬ ਇੱਕ ਮੈਗਾ ਮੈਡੀਕਲ ਕੈਂਪ ਦਾ ਆਯੋਜਨ







**ਕਪੂਰਥਲਾ (ਕੌੜਾ )**-ਹਿਊਮਨ ਰਾਈਟਸ ਪ੍ਰੈਸ ਕਲੱਬ ਇੱਕ ਮੈਗਾ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ।ਸੰਤਾਂ ਨੇ ਇਸਨੂੰ ਮੈਡੀਕਲ ਮਹਾਂਕੁੰਭ ਦਾ ਨਾਮ ਦਿੱਤਾ ਹੈ। ਇਸ ਮੌਕੇ ਬਹੁਤ ਸਾਰੇ ਸੰਤਾਂ ਨੇ ਮੈਡੀਕਲ ਕੈਂਪ ਵਿੱਚ ਹਿੱਸਾ ਲਿਆ ਅਤੇ ਸਾਰਿਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਮੈਗਾ ਮੈਡੀਕਲ ਕੈਂਪ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਕੀਤੀ ਗਈ ਅਤੇ ਫਿਰ ਨਗਰ ਨਿਗਮ ਕਮਿਸ਼ਨਰ ਅਨੁਪਮ ਕਲੀਅਰ ਨੇ ਰਿਬਨ ਕੱਟ ਕੇ ਮੈਗਾ ਮੈਡੀਕਲ ਕੈਂਪ ਦਾ ਰਸਮੀ ਉਦਘਾਟਨ ਕੀਤਾ। ਇਸੇ ਖੂਨ ਦਾਨ ਕੈਂਪ ਦਾ ਉਦਘਾਟਨ ਸੀਐਮਓ ਰਿਚਾ ਮੈਡਮ ਨੇ ਕੀਤਾ। ਨਗਰ ਨਿਗਮ ਦੇ ਕਮਿਸ਼ਨਰ ਅਨੁਪਮ ਕਲੇਰ ਨੇ ਕਿਹਾ ਕਿ ਮੁਫ਼ਤ ਵਿੱਚ ਡਾਕਟਰੀ ਸਹੂਲਤਾਂ ਪ੍ਰਦਾਨ ਕਰਨਾ ਇੱਕ ਬਹੁਤ ਵਧੀਆ ਕੰਮ ਹੈ ਕਿਉਂਕਿ ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਡਾਕਟਰੀ ਸਹੂਲਤਾਂ ਤੋਂ ਵਾਂਝੇ ਹਨ ਕਿਉਂਕਿ ਜਾਂ ਤਾਂ ਉਨ੍ਹਾਂ ਨੂੰ ਚੰਗੇ ਡਾਕਟਰ ਨਹੀਂ ਮਿਲਦੇ ਜਾਂ ਪੈਸੇ ਦੀ ਘਾਟ ਕਾਰਨ ਇਲਾਜ ਨਹੀਂ ਕਰਵਾ ਪਾਉਂਦੇ, ਪਰ ਹਿਊਮਨ ਰਾਈਟਸ ਪ੍ਰੈਸ ਕਲੱਬ ਨੇ ਸਾਰੇ ਡਾਕਟਰਾਂ ਨੂੰ ਇੱਕ ਛੱਤ ਹੇਠ ਲਿਆ ਕੇ ਲੋਕਾਂ ਨੂੰ ਬਹੁਤ ਵੱਡਾ ਲਾਭ ਦਿੱਤਾ ਹੈ ਜਿੱਥੇ ਡਾਕਟਰੀ ਸਹੂਲਤਾਂ ਦੇ ਨਾਲ-ਨਾਲ ਕੈਂਸਰ ਦੀ ਜਾਂਚ ਵੀ ਕੀਤੀ ਗਈ ਅਤੇ ਸਮਾਜ ਸੇਵਾ ਵਜੋਂ ਇਸ ਸੰਸਥਾ ਵੱਲੋਂ ਇੱਕ ਵੱਡਾ ਖੂਨਦਾਨ ਕੈਂਪ ਵੀ ਲਗਾਇਆ ਗਿਆ ਜੋ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ ਕਿਉਂਕਿ ਉਨ੍ਹਾਂ ਨੇ ਪਹਿਲਾਂ ਕਦੇ ਇੰਨਾ ਵੱਡਾ ਕੈਂਪ ਨਹੀਂ ਦੇਖਿਆ ਸੀ। ਇਸ ਮੌਕੇ ਖੂਨਦਾਨ ਦੇ ਨਾਲ-ਨਾਲ ਅੱਖਾਂ ਦਾਨ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਲਗਭਗ 50 ਲੋਕਾਂ ਨੇ ਆਪਣੀਆਂ ਅੱਖਾਂ ਦਾਨ ਕੀਤੀਆਂ। ਇਸ ਦੀ ਪ੍ਰਸ਼ੰਸਾ ਕਰਦਿਆਂ ਸੀਐਮਓ ਰਿਚਾ ਨੇ ਕਿਹਾ ਕਿ ਇਹ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਅੱਖਾਂ ਦਾਨ ਲਈ ਫਾਰਮ ਭਰੇ ਹਨ। ਹਿਊਮਨ ਰਾਈਟਸ ਪ੍ਰੈਸ ਕਲੱਬ ਵੱਲੋਂ ਲੋਕਾਂ ਨੂੰ ਆਪਣੀਆਂ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਇਤਿਹਾਸ ਵਿੱਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਇੰਨੇ ਵੱਡੇ ਕੈਂਪ ਵਿੱਚ ਅੱਖਾਂ ਦਾਨ ਕੀਤੀਆਂ ਕਿ ਹੈਰਾਨੀ ਦੀ ਗੱਲ ਹੈ ਕਿ ਕਪੂਰਥਲਾ ਦੇ ਇੱਕ ਡਾਕਟਰ ਜੋੜੇ ਨੇ ਵੀ ਆਪਣੀਆਂ ਅੱਖਾਂ ਦਾਨ ਕੀਤੀਆਂ। ਇੰਨਾ ਹੀ ਨਹੀਂ, ਕਪੂਰਥਲਾ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਹਿਊਮਨ ਰਾਈਟਸ ਪ੍ਰੈਸ ਕਲੱਬ ਦੇ ਸਰਪ੍ਰਸਤ ਅਰੁਣ ਖੋਸਲਾ ਨੇ ਵੀ ਆਪਣੀਆਂ ਅੱਖਾਂ ਦਾਨ ਕੀਤੀਆਂ ਹਨ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ ਵੀ ਸ਼ਾਮਲ ਹੋਏ। ਉਨ੍ਹਾਂ ਨੇ ਮਨੁੱਖੀ ਅਧਿਕਾਰ ਪ੍ਰੈਸ ਕਲੱਬ ਦੇ ਪ੍ਰਧਾਨ ਸੁਕੇਤ ਗੁਪਤਾ ਐਡਵੋਕੇਟ ਨੂੰ ਇੰਨਾ ਵੱਡਾ ਕੈਂਪ ਲਗਾਉਣ ਲਈ ਵਧਾਈ ਦਿੱਤੀ ਅਤੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਜਿਹੇ ਨੇਕ ਕੰਮ ਵਿੱਚ ਹਮੇਸ਼ਾ ਉਨ੍ਹਾਂ ਦੀ ਮਦਦ ਕਰੇਗਾ। ਇਸ ਮੌਕੇ 2000 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ ਨੇ ਪੂਰੇ ਕੈਂਪ ਦਾ ਦੌਰਾ ਕੀਤਾ ਅਤੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਸੰਸਥਾ ਦੇ ਉਪ ਪ੍ਰਧਾਨ ਰਾਜਿੰਦਰ ਰਾਜੂ ਨੂੰ 103ਵੀਂ ਵਾਰ ਖੂਨਦਾਨ ਕਰਨ ਅਤੇ ਪ੍ਰਧਾਨ ਸੁਕੇਤ ਗੁਪਤਾ ਨੂੰ 59ਵੀਂ ਵਾਰ ਖੂਨਦਾਨ ਕਰਨ ਲਈ ਵਧਾਈ ਦਿੱਤੀ। ਇਸ ਕੈਂਪ ਵਿੱਚ ਸੰਤ ਮਹਾਤਮਾ ਮੁਨੀ ਖੇੜਾ ਬੇਟ ਨੇ ਵੀ ਸ਼ਿਰਕਤ ਕੀਤੀ ਅਤੇ ਮਰੀਜ਼ਾਂ ਨੂੰ ਅਸ਼ੀਰਵਾਦ ਦਿੱਤਾ। ਜ਼ਿਲ੍ਹੇ ਵਿੱਚ ਪਹਿਲੀ ਵਾਰ ਇੰਨਾ ਵੱਡਾ ਕੈਂਪ ਲਗਾਇਆ ਗਿਆ ਸੀ ਅਤੇ ਸ਼ਰਧਾਲੂਆਂ ਦੀ ਭੀੜ ਨੂੰ ਦੇਖ ਕੇ ਇਹ ਇੱਕ ਮਹਾਨ ਕੁੰਭ ਵਰਗਾ ਜਾਪਦਾ ਸੀ। ਉਨ੍ਹਾਂ ਨੇ ਹਿਊਮਨ ਰਾਈਟਸ ਪ੍ਰੈਸ ਕਲੱਬ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਇਹ ਸੰਸਥਾ ਕੈਂਪ ਲਗਾਏਗੀ, ਉਹ ਉਨ੍ਹਾਂ ਦੇ ਨਾਲ ਖੜ੍ਹੇ ਹੋਣਗੇ। ਮਹਾਂ ਮੰਡਲੇਸ਼ਵਰ 1008 ਸੰਤ ਕਮਲ ਕਿਸ਼ੋਰ ਸਹਾਰਨਪੁਰ ਤੋਂ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਅਜਿਹੀ ਟੀਮ ਨੂੰ ਸੇਵਾ ਕਰਦੇ ਦੇਖ ਕੇ ਉਨ੍ਹਾਂ ਦਾ ਮਨ ਖੁਸ਼ ਹੋ ਗਿਆ। ਪੰਜਾਬ ਨੂੰ ਨਸ਼ਿਆਂ ਲਈ ਬਦਨਾਮ ਮੰਨਿਆ ਜਾਂਦਾ ਸੀ ਪਰ ਅਜਿਹੇ ਕੈਂਪਾਂ ਵਿੱਚ ਆਉਣ ਤੋਂ ਬਾਅਦ, ਉਸਨੂੰ ਅਹਿਸਾਸ ਹੋਇਆ ਕਿ ਪੰਜਾਬ ਹੁਣ ਪੂਰੀ ਤਰ੍ਹਾਂ ਬਦਲ ਗਿਆ ਹੈ ਅਤੇ ਨੌਜਵਾਨਾਂ ਦੇ ਮਨਾਂ ਵਿੱਚ ਸਮਾਜ ਸੇਵਾ ਦੀ ਭਾਵਨਾ ਜਾਗ ਪਈ ਹੈ ਜਿਸਨੂੰ ਹੁਣ ਕੋਈ ਬੁਝਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਅਜਿਹੇ ਮੈਗਾ ਕੈਂਪ ਦਾ ਆਯੋਜਨ ਇੱਕ ਟੀਮ ਵਰਕ ਹੈ ਜੋ ਕਿ ਸਿਰਫ ਕੁਸ਼ਲ ਲੀਡਰਸ਼ਿਪ ਦੁਆਰਾ ਹੀ ਸੰਭਵ ਹੈ ਜੋ ਕਪੂਰਥਲਾ ਦੀ ਇਸ ਧਰਤੀ 'ਤੇ ਦਿਖਾਈ ਦਿੱਤੀ। ਉਸਨੇ ਕਿਹਾ ਕਿ ਭਾਵੇਂ ਉਸਨੂੰ ਅਜੇ ਤੱਕ ਮਹਾਂਕੁੰਭ ਜਾਣ ਦਾ ਮੌਕਾ ਨਹੀਂ ਮਿਲਿਆ, ਪਰ ਉਹ ਇਸ ਮੈਡੀਕਲ ਮਹਾਂਕੁੰਭ ਵਿੱਚ ਡੁਬਕੀ ਲਗਾਉਣ ਤੋਂ ਬਾਅਦ ਮਾਣ ਮਹਿਸੂਸ ਕਰ ਰਿਹਾ ਹੈ। ਜਿਵੇਂ ਹੀ ਸੰਤ ਕਮਲ ਕਿਸ਼ੋਰ ਨੇ ਸਟੇਜ 'ਤੇ ਇੱਕ ਔਰਤ ਦੇ ਮੋਢੇ ਨੂੰ ਖੋਲ੍ਹਿਆ, ਜੋ ਕਈ ਸਾਲਾਂ ਤੋਂ ਜੰਮੀ ਹੋਈ ਸੀ, ਮਰੀਜ਼ਾਂ ਦੀ ਭੀੜ ਉਨ੍ਹਾਂ ਕੋਲ ਆ ਗਈ। ਸ਼ਾਮ 5 ਵਜੇ ਤੱਕ ਉਨ੍ਹਾਂ ਨੇ 150 ਮਰੀਜ਼ਾਂ ਨੂੰ ਠੀਕ ਕੀਤਾ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬਜ਼ੁਰਗ ਸਨ। ਇਸ ਕੈਂਪ ਵਿੱਚ ਚੰਡੀਗੜ੍ਹ ਤੋਂ ਸ਼ਾਮਲ ਹੋਣ ਲਈ ਆਏ ਜੋਤਸ਼ੀ ਸ਼੍ਰੀ ਰੋਹਿਤ ਕੁਮਾਰ ਜੀ ਮਹਾਰਾਜ ਅਤੇ ਮਹਾਮੰਡਲੇਸ਼ਵਰ ਸੰਤ ਸ਼੍ਰੀ ਓਮ ਯੋਗੀ ਜੀ ਮਹਾਰਾਜ ਨੇ ਵੀ ਹਿੱਸਾ ਲਿਆ। ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅੱਜ ਤੱਕ 10 ਤੋਂ 12 ਡਾਕਟਰਾਂ ਵੱਲੋਂ ਮੁਫ਼ਤ ਚੈੱਕਅੱਪ, ਕਰੋੜਾਂ ਰੁਪਏ ਦੀਆਂ ਮੈਡੀਕਲ ਸਹੂਲਤਾਂ ਵਾਲੀਆਂ ਬੱਸਾਂ ਰਾਹੀਂ ਚੈੱਕਅੱਪ, ਖੂਨਦਾਨ, ਅੱਖਾਂ ਦਾਨ, ਮੁਫ਼ਤ ਕੈਂਸਰ ਚੈੱਕਅੱਪ ਅਤੇ ਮੁਫ਼ਤ ਸ਼ੂਗਰ ਚੈੱਕਅੱਪ, ਫਿਰ ਮੁਫ਼ਤ ਦਵਾਈਆਂ ਆਦਿ ਇੱਕੋ ਥਾਂ 'ਤੇ ਮੁਫ਼ਤ ਵਿੱਚ ਨਹੀਂ ਦੇਖੇ। ਇਹ ਆਪਣੇ ਆਪ ਵਿੱਚ ਮਹਾਂਕੁੰਭ ਵਰਗਾ ਜਾਪਦਾ ਹੈ ਜੋ ਕਪੂਰਥਲਾ ਦੀ ਧਰਤੀ 'ਤੇ ਆਯੋਜਿਤ ਕੀਤਾ ਗਿਆ ਸੀ, ਜਿਸ ਲਈ ਹਿਊਮਨ ਰਾਈਟਸ ਪ੍ਰੈਸ ਕਲੱਬ ਵਧਾਈ ਦਾ ਹੱਕਦਾਰ ਹੈ। ਇਸ ਮੌਕੇ ਡੇਰਾ ਬਾਬਾ ਵਿਧੀ ਚੰਦ ਸੁਰਸਿੰਘ ਦੇ ਸੰਤ ਅਵਤਾਰ ਸਿੰਘ ਮੁਖੀ ਵੀ ਇਸ ਕੈਂਪ ਵਿੱਚ ਆਏ ਅਤੇ ਉਨ੍ਹਾਂ ਨੇ ਵੀ ਕੈਂਪ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਇਹ ਧਰਤੀ ਗੁਰੂਆਂ ਅਤੇ ਪੀਰਾਂ ਦੀ ਧਰਤੀ ਹੈ। ਇਸ ਧਰਤੀ 'ਤੇ ਬਹੁਤ ਸਾਰੇ ਸਿੰਘਾਂ ਨੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਸਭ ਕੁਝ ਦੇ ਦਿੱਤਾ। ਇਸ ਤਰੀਕੇ ਨਾਲ ਗਰੀਬਾਂ ਅਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਨਾ ਹੀ ਪਰਮ ਧਰਮ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਪੰਚਾਲ ਨੇ ਸਿਟੀ ਪੁਲਿਸ ਸਟੇਸ਼ਨ ਇੰਚਾਰਜ ਵਿਕਰਮਜੀਤ ਸਿੰਘ ਨੂੰ ਲੋਕਾਂ ਨੂੰ ਜਲਦੀ ਨਿਆਂ ਪ੍ਰਦਾਨ ਕਰਨ ਲਈ ਸਨਮਾਨਿਤ ਕੀਤਾ। ਇਸੇ ਤਰ੍ਹਾਂ ਮਨੋਜ ਰੱਤੀ, ਇੰਸਪੈਕਟਰ ਨਗਰ ਨਿਗਮ, ਵਿਕਰਮ ਸ਼ਰਮਾ ਪੀ, ਡੀਸੀ ਟ੍ਰੈਫਿਕ ਇੰਚਾਰਜ ਦਰਸ਼ਨ ਸਿੰਘ ਅਤੇ ਸੁਰਿੰਦਰ ਪੰਛੀ ਨੂੰ ਇਸ ਕੈਂਪ ਵਿੱਚ ਸ਼ਾਨਦਾਰ ਸੇਵਾ ਪ੍ਰਦਾਨ ਕਰਨ ਲਈ ਸਨਮਾਨਿਤ ਕੀਤਾ ਗਿਆ। ਕੁਲਵੰਤ ਸਿੰਘ ਧਾਲੀਵਾਲ, ਡਾ. ਧਰਮਿੰਦਰ ਸਿੰਘ ਅਤੇ ਵਰਲਡ ਕੈਂਸਰ ਕੇਅਰ ਸੋਸਾਇਟੀ ਅਤੇ ਐਸਬੀਆਈ ਕ੍ਰੈਡਿਟ ਕਾਰਡ ਟੀਮ ਦੇ ਹੋਰ ਡਾਕਟਰਾਂ ਨੇ ਕੈਂਸਰ ਸਕ੍ਰੀਨਿੰਗ ਲਈ ਪੰਜਾਬ ਭਰ ਵਿੱਚ 100 ਕੈਂਪਾਂ ਦੀ ਲੜੀ ਦੇ ਹਿੱਸੇ ਵਜੋਂ ਹਿਊਮਨ ਰਾਈਟਸ ਪ੍ਰੈਸ ਕਲੱਬ ਵੱਲੋਂ ਕਪੂਰਥਲਾ ਵਿੱਚ ਇੱਕ ਮੈਗਾ ਮੈਡੀਕਲ ਕੈਂਪ ਦਾ ਸਮਰਥਨ ਕੀਤਾ। ਇਸ ਕੈਂਪ ਵਿੱਚ ਸਿਵਲ ਹਸਪਤਾਲ ਕਪੂਰਥਲਾ ਬਲੱਡ ਬੈਂਕ ਦੀ ਟੀਮ ਨੇ ਵੀ ਸਖ਼ਤ ਮਿਹਨਤ ਕੀਤੀ ਜਿਸ ਵਿੱਚ ਜਸਵਿੰਦਰ ਸ਼ਰਮਾ, ਸੇਵਾਮੁਕਤ ਸੀਨੀਅਰ ਮੈਡੀਕਲ, ਲੈਬ ਟੈਕਨੀਸ਼ੀਅਨ, ਡਾ. ਸ਼ਿਲਪਾ ਬੀਟੀਓ, ਮੈਡੀਕਲ ਲੈਬ ਟੈਕਨੀਸ਼ੀਅਨ ਗੁਰਜੀਤ ਸਿੰਘ, ਸੋਨੀਆ ਸੇਠ, ਰਿਤੂ, ਡਰਾਈਵਰ ਬਲਦੇਵ ਸਿੰਘ ਅਤੇ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ। ਇਸੇ ਤਰ੍ਹਾਂ, ਨਕੋਦਰ ਤੋਂ ਡਾ. ਰੂਥ ਪ੍ਰਕਾਸ਼, ਪੈਥੋਲੋਜਿਸਟ, ਸੀਨੀਅਰ ਲੈਬ ਟੈਕਨੀਸ਼ੀਅਨ ਹਰਪਾਲ ਸਿੰਘ, ਲੈਬ ਟੈਕਨੀਸ਼ੀਅਨ ਊਸ਼ਾ ਰਾਣੀ, ਅਭੀ, ਸ਼ਿਵਾਨੀ ਅਤੇ ਸੰਦੀਪ ਬੀ.ਵੀ. ਕੁਮਾਰ ਨੇ ਲਗਭਗ 14 ਮਰੀਜ਼ਾਂ ਤੋਂ ਸਵੈ-ਇੱਛਾ ਨਾਲ ਖੂਨਦਾਨ ਕੀਤਾ। ਇਸ ਕੈਂਪ ਵਿੱਚ ਸ਼੍ਰੀ ਪ੍ਰਾਣਨਾਥ ਜਾਗ੍ਰਿਤੀ ਸੇਵਾ ਸੰਮਤੀ ਤੋਂ ਡਾ. ਅਭਿਲਕਸ਼, ਡਾ. ਗੁਰਪ੍ਰੀਤ ਸਿੰਘ, ਡਾ. ਰਿਧੀਮਾ, ਡਾ. ਸੁਰਿੰਦਰ ਪ੍ਰਣਾਮੀ, ਡਾ. ਪਿਊਸ਼ ਸੂਦ, ਸੁਗਮ ਪ੍ਰਣਾਮੀ, ਸੁਨੀਤਾ ਪ੍ਰਣਾਮੀ, ਓਮ ਪ੍ਰਕਾਸ਼ ਅਰੋੜਾ, ਭਰਤ ਸਿੰਘ ਨੇਗੀ, ਸ਼ਿਖਾ ਨੇਗੀ, ਸ਼ਿਖਾ, ਸੰਦੀਪ ਕੁਮਾਰ, ਬਬਲੀ, ਮਮਤਾ, ਰਿਸ਼ਭ ਗੋਗਨਾ, ਅੰਕੁਰ ਡੋਗਰਾ, ਪ੍ਰੀਤ ਲੌਟੀਆ, ਹਰਦੀਪ ਸਿੰਘ ਨੇ ਵੀ ਹਿੱਸਾ ਲਿਆ। ਇਸ ਮੌਕੇ ਸਫੇਲਬਾਦ ਤੋਂ ਸੰਤ ਲੀਡਰ ਸਿੰਘ ਜੀ ਵੀ ਪਹੁੰਚੇ ਅਤੇ ਖੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਖੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ ਹੈ। ਇਸ ਮੌਕੇ ਹਿਊਮਨ ਰਾਈਟਸ ਪ੍ਰੈਸ ਦੇ ਸੁਕੇਤ ਗੁਪਤਾ, ਰਜਿੰਦਰ ਰਾਜੂ, ਮਨੋਜ ਰੱਤੀ, ਜੋਗਿੰਦਰ ਪਾਲ ਅਰੋੜਾ, ਰਾਜਬੀਰ ਬਾਵਾ, ਅਰੁਣ ਖੋਸਲਾ, ਆਕਾਸ਼ ਕਪੂਰ, ਪਿਊਸ਼ ਮਨਚੰਦਾ, ਹਰੀਸ਼ ਅਰੋੜਾ, ਤਰੁਣ ਪਰੂਥੀ, ਗੁਰਪ੍ਰੀਤ ਗੋਪੀ, ਅਨੁਪਮ ਮਰਵਾਹਾ, ਗੌਰਵ ਜਗੀ, ਸੰਦੀਪ ਗਾਂਧੀ, ਰਾਜੇਸ਼ ਕਪੂਰ, ਤਰਸੇਮ ਸਿੰਘ, ਐਸਐਸ ਮੱਲ੍ਹੀ, ਰਣਵੀਰ ਰਾਵਤ, ਰਾਜ ਕੁਮਾਰ, ਸਰਬਜੀਤ ਸਿੰਘ, ਤਰੁਣ ਭਾਰਦਵਾਜ, ਅਰੁਣ ਅਰੋੜਾ, ਦੀਵਾਂਸ਼ੂ ਅਰੋੜਾ, ਡਾ. ਗੁਰਦੇਵ ਸਿੰਘ ਭੱਟੀ, ਸੁਸ਼ੀਲ ਸ਼ਰਮਾ, ਸੁਨਾਲੀ ਗੁਪਤਾ, ਮਾਨਵ ਖੰਨਾ, ਰਾਜਿੰਦਰ ਸੈਣੀ, ਇੰਦਰਪਾਲ ਵਾਲੀਆ, ਸੰਜੀਵ ਖੰਨਾ, ਰਵਿੰਦਰ ਸੂਰੀ, ਗੌਰਵ ਕਪੂਰ, ਕਮਲ ਸਿੱਕਾ, ਮਨੀਸ਼ ਅਰੋੜਾ, ਯੋਗੇਸ਼ ਸੋਨੀ, ਸੁਨੀਲ ਜੱਗੀ, ਜੋਤੀ ਖੰਨਾ, ਰੰਜੂ ਕੌਰ, ਚਾਰਮੀ ਆਰਵੀ, ਜੋਤੀ ਸੇਠੀ, ਗੁਰਬਿੰਦਰ ਕੌਰ, ਸੰਗੀਤਾ ਆਹਲੂਵਾਲੀਆ, ਸਲੋਨੀਕਾ ਗੁਪਤਾ, ਸ਼ਿਖਾ ਗਰਗ, ਕੌਰ, ਪ੍ਰਿੰਸ ਅਰੋੜਾ, ਰੋਹਿਤ ਕੁਮਾਰ ਆਦਿ ਮੌਜੂਦ ਸਨ।

ਸਮਾਜ ਵੀਕਲੀ ਨਿਊਜ਼

for more news visit:
www.samajweekly.com



ਕਲਾ ਵਾਹਿਗੁਰੂ ਦੀ

# ਪੇਂਟਿੰਗ

# Painting

ਆਪਣੇ ਸੁਪਨਿਆਂ,

**ਬਜ਼ੁਰਗਾਂ,**

**ਮਿੱਤਰ ਪਿਆਰਿਆਂ**

ਦੀਆਂ ਪੇਂਟਿੰਗ ਬਣਾ ਕੇ

ਆਪਣੇ ਘਰਾਂ ਨੂੰ

**ਚਾਰ ਚੰਨ**

ਲਗਾਓ ਜੀ



**DELIVERY ALL WORLD**

**Payment in Advance**

ਪੇਂਟਿੰਗ ਲਈ ਫੋਟੋ ਵਟਸਐਪ ਨੰਬਰ

+91-97794-70626 ਤੇ ਭੇਜੋ

ਚਿੱਤਰਕਾਰ

ਰਾਜੇਸ਼ ਨਾਗਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com